ਪ੍ਰਾਚੀਨ ਯੋਗਿਕ ਖੇਤੀ

ਨਵੇਂ ਯੁਗ ਲਈ ਨਵਾਂ ਕਦਮ

ਪ੍ਰਾਚੀਨ ਯੋਗਿਕ ਖੇਤੀ ਯੋਜਨਾ

ਖੇਤੀ ਅਤੇ ਗ੍ਰਾਮ ਵਿਕਾਸ ਵਿਭਾਗ

ਰਾਜਯੋਗ ਐਜੂਕੇਸ਼ਨ ਐਂਡ ਰਿਸਰਚ ਫਾਊਂਡੇਸ਼ਨ ਅਤੇ

ਪ੍ਰਜਾਪਿਤਾ ਬ੍ਰਹਮਾਕੁਮਾਰੀ ਇਸ਼ਵਰੀ ਵਿਸ਼ਵ ਵਿਦਿਆਲਾ, ਆਬੂ ਪ੍ਰਬਤ

ਫਰਵਰੀ 2018
ਪ੍ਰਕਾਸ਼ਕ :
ਓਮਸ਼ਾਂਤੀ ਪ੍ਰੈਸ,ਗਿਆਨ ਅੰਮ੍ਰਿਤ ਭਵਨ,
ਸ਼ਾਂਤੀਵਨ, ਆਬੂਰੋਡ-307510
ਫੋਨ: 228125, 228124 (ਕੋਡ 02974)

© copyright : Brahma Kumaris' Ishwariya Vishwa Vidyalaya,MountAbu,(Raj)
No part of this book may be printed without the permission of the publisher.

ਵਿਸ਼ਾ ਸੂਚੀ

1. ਪ੍ਰਾਚੀਨ ਯੋਗਿਕ ਖੇਤੀ ਦੇ ਪ੍ਰੇਰਣਾ ਸਰੋਤ 4

2. ਸ਼ੁੱਭ ਪ੍ਰੇਰਨਾ ਸੰਦੇਸ਼ 5

3. ਸ਼ੁਭ ਭਾਵਨਾ ਸੰਦੇਸ਼ 6

4. ਭੂਮਿਕਾ 7

5. ਇਸ਼ਵਰੀ ਪ੍ਰੇਰਨਾਵਾਂ–ਵਿਰਤੀ ਦੁਆਰਾ ਪ੍ਰਕਿਰਤੀ ਦਾ ਪਰਿਵਰਤਨ ਕਰੋ 9

6. ਪ੍ਰਾਚੀਨ ਯੋਗਿਕ ਖੇਤੀ–ਯੋਜਨਾ ਦੀ ਜ਼ਰੂਰਤ 13

7. ਯੋਗ ਦੇ ਪ੍ਰਯੋਗ ਦੀਆਂ ਵਿੱਧੀਆਂ ਅਤੇ ਉਸਦੇ ਨਤੀਜੇ 25

8. ਜ਼ਮੀਨ ਨੂੰ ਸ਼ਕਤੀਸ਼ਾਲੀ ਬਨਾਉਣ ਲਈ–ਸਜੀਵ ਅਤੇ ਜੈਵਿਕ ਖਾਦ ਬਨਾਉਣ ਦੇ ਤਰੀਕੇ 36

9. ਫਸਲਾਂ ਦੀ ਸਾਂਭ ਸੰਭਾਲ 42

10. ਖੇਤੀ ਵਾਸਤੇ ਅਨੁਕੂਲ ਵਾਤਾਵਰਣ 47

11. ਪ੍ਰਾਚੀਨ ਯੋਗਿਕ ਖੇਤੀ ਕਰਨ ਵਾਲੇ ਕਿਸਾਨਾਂ ਪ੍ਰਤੀ ਸੁਝਾਅ ਅਤੇ ਨਿਯਮਾਵਲੀ 49

12. ਅਲੱਗ–ਅਲੱਗ ਫਸਲਾਂ ਲਈ ਧਿਆਨ ਦੇਣ ਯੋਗ ਗੱਲਾਂ 51

13. ਯੋਗਿਕ ਖੇਤੀ ਦੁਆਰਾ ਭਿੰਨ–ਭਿੰਨ ਫਸਲਾਂ ਦੀ ਪੈਦਾਵਾਰ ਦੇ ਅੰਕੜੇ 70

ਪ੍ਰਾਚੀਨ ਯੋਗਿਕ ਖੇਤੀ ਦੇ ਪ੍ਰੇਰਣਾ ਸਰੋਤ

18 ਫਰਵਰੀ 2008 ਦੇ ਦਿਨ ਪਰਮਕਿਸਾਨ ਪਰਮਪਿਤਾ ਪਰਮਾਤਮਾ (ਸ਼ਿਵ) ਅਤੇ ਵਿਸ਼ਵਕ੍ਰਮਾ ਅਵਿਯਕਤ ਪਿਤਾਸ਼੍ਰੀ ਬ੍ਰਹਮਾ ਬਾਬਾ ਨੇ ਆਦਰਯੋਗ ਦਾਦੀ ਹਿਰਦੇਮੋਹਿਨੀ ਜੀ ਦੇ ਮਾਧਿਅਮ ਦੁਆਰਾ ਗ੍ਰਾਮ ਵਿਕਾਸ ਵਿਭਾਗ ਦੇ ਭੈਣ-ਭਰਾਵਾਂ ਨੂੰ ਪ੍ਰਾਚੀਨ ਯੋਗਿਕ ਖੇਤੀ ਦੇ ਵਿਸ਼ੇ ਬਾਰੇ ਪ੍ਰੇਰਣਾ ਦਿੰਦੇ ਹੋਏ ਕਿਹਾ ਕਿ ....

"ਕੋਈ ਨਵੀਨਤਾ ਕਰ ਰਹੇ ਹੋ ਨਾ? ਕਰ ਰਹੇ ਹੋ ਕੋਈ ਨਵੀਨਤਾ? ਕੀ ਕਰ ਰਹੇ ਹੋ? ਕੋਈ ਵੀ ਦੱਸੇ। (ਵਿਭਾਗ ਦੀ ਪ੍ਰਧਾਨ ਮੋਹਿਨੀ ਭੈਣ ਜੀ ਨੇ ਸੁਣਾਇਆ ਕਿ ਯੋਗ ਦੇ ਪ੍ਰਯੋਗ ਨਾਲ ਜੈਵਿਕ ਖੇਤੀ ਦਾ ਪਲੈਨ ਬਣਾਇਆ ਹੈ) ਅੱਛਾ ਹੈ ਕਿਉਂਕਿ ਅੱਜ ਕਲ ਜੋ ਖੇਤੀ ਵਿਚੋਂ ਨਿਕਲਦਾ ਹੈ ਉਸ ਵਿਚ ਵੀ ਕਈ ਮੁਸ਼ਕਿਲਾਂ ਹਨ? ਸੋ ਅੱਛਾ ਕੰਮ ਕੀਤਾ ਹੈ। ਇਕ ਆਪਣਾ ਫਾਇਦਾ ਹੈ, ਯੋਗ ਕਰੋਗੇ ਅਤੇ ਦੂਸਰਾ ਜਨਤਾ ਦੀਆਂ ਦੁਆਵਾਂ ਮਿਲਣਗੀਆਂ, ਸੋ ਅੱਛਾ ਕਰ ਰਹੇ ਹੋ। ਉਮੰਗ-ਉਤਸ਼ਾਹ ਨਾਲ ਕਰ ਰਹੇ ਹੋ ਅਤੇ ਕਰਦੇ ਰਹਿਣਾ। ਅੱਛਾ-ਮੁਬਾਰਕ ਹੋਵੇ।ਅੱਛਾ........"

ਸ਼ੁੱਭ ਪ੍ਰੇਰਨਾ ਸੰਦੇਸ਼



ਰਾਜਯੋਗਿਨੀ ਦਾਦੀ ਜਾਨਕੀ ਜੀ,
ਮੁੱਖ ਪ੍ਰਸ਼ਾਸਿਕਾ ਬ੍ਰਹਮਾਕੁਮਾਰੀਜ਼
ਆਬੂ ਪ੍ਰਬਤ

ਵਿਸ਼ਵ ਨਾਟਕ ਦੇ ਪ੍ਰਾਰੰਭਿਕ ਸੁਨਹਿਰੇ ਸਮੇਂ ਹਰ ਮਨੁੱਖ ਸਰਵਗੁਣ ਸੰਪੰਨ, 16 ਕਲਾਂ ਸੰਪੂਰਨ ਦੇਵਤਾ ਸਰੂਪ ਵਿਚ ਸੀ। ਉੱਥੇ ਸੰਪੂਰਨ ਸਿਹਤ, ਅਖੁੱਟ ਖੁਸ਼ਹਾਲੀ, ਅਪਾਰ ਸੁੱਖ-ਸ਼ਾਂਤੀ, ਦਿਵਯ-ਸੰਸਕ੍ਰਿਤੀ ਭਰਪੂਰ ਜੀਵਨ-ਸ਼ੈਲੀ ਸੀ। ਇਸ ਸਭ ਕੁਝ ਦਾ ਰਾਜ਼ ਇਹ ਸੀ ਕਿ ਉੱਥੇ ਉਸ ਸਮੇਂ ਦੀ ਸਤੋਗੁਣੀ ਖੇਤੀ ਨਾਲ ਸੁਆਦ, ਸ਼ੁੱਧ ਤੇ ਤਾਕਤਵਰ ਅੰਨ, ਸਬਜ਼ੀਆਂ, ਫਲ-ਫੁੱਲ ਦੀ ਪੈਦਾਵਾਰ ਸਹਿਜ ਹੀ ਹੁੰਦੀ ਸੀ। ਅਜਿਹੇ ਨਵੇਂ ਯੁੱਗ ਦਾ ਨਿਰਮਾਣ ਫਿਰ ਤੋਂ ਪਰਮਪਿਤਾ ਪਰਮਾਤਮਾ ਕਰ ਰਹੇ ਹਨ.......।ਐਸੇ ਪਰਿਵਰਤਨਸ਼ੀਲ ਸਮੇਂ ਤੇ ਬ੍ਰਹਮਾ ਕੁਮਾਰੀ ਇਸ਼ਵਰੀ ਵਿਸ਼ਵ ਵਿਦਿਆਲਾ ਦੀ ਸਹਿਯੋਗੀ ਸੰਸਥਾ ਰਾਜਯੋਗ ਐਜੂਕੇਸ਼ਨ ਐਂਡ ਰਿਸਰਚ ਫਾਊਂਡੇਸ਼ਨ (RERF) ਦੇ ਗ੍ਰਾਮ ਵਿਕਾਸ ਵਿਭਾਗ ਦੁਆਰਾ ਇਸ਼ਵਰੀ ਗਿਆਨ ਅਤੇ ਰਾਜਯੋਗ ਤੇ ਆਧਾਰਿਤ "ਪ੍ਰਾਚੀਨ ਯੋਗਿਕ ਖੇਤੀ ਯੋਜਨਾ-ਨਵੇਂ ਯੁੱਗ ਲਈ ਨਵਾਂ ਕਦਮ" ਆਰੰਭ ਕੀਤਾ ਜਾ ਰਿਹਾ ਹੈ, ਜੋ ਕਿ ਵਿਸ਼ੇਸ਼ ਕਰਕੇ ਭਾਰਤ ਅਤੇ ਸਾਰੇ ਵਿਸ਼ਵ ਦੇ ਕਿਸਾਨ ਭੈਣਾਂ-ਭਰਾਵਾਂ ਲਈ ਮਾਰਗ ਦਰਸ਼ਕ ਅਤੇ ਉਪਯੋਗੀ ਸਿੱਧ ਹੋਵੇਗਾ। ਇਸ ਕੰਮ ਵਿਚ ਲੱਗੇ ਹੋਏ ਗ੍ਰਾਮ ਵਿਕਾਸ ਦੇ ਸਾਰੇ ਕਰਮਚਾਰੀਆਂ ਦਾ ਮੈਂ ਤਹਿਦਿਲ ਤੋਂ ਸੁਆਗਤ ਕਰਦੀ ਹਾਂ ਅਤੇ ਇਸ ਬਿਲਕੁਲ ਨਵੀਂ ਯੋਜਨਾ ਦੀ ਸਫਲਤਾ ਵਾਸਤੇ ਕੋਟਿ-ਕੋਟਿ ਸ਼ੁੱਭ ਪ੍ਰੇਰਨਾ ਦੇਂਦੀ ਹੋਈ ਸਭਨਾਂ ਨੂੰ ਵਧਾਈ ਦੇਂਦੀ ਹਾਂ। ਸਫਲਤਾ ਤੁਹਾਡਾ ਜਮਾਂਦਰੂ ਹੱਕ ਹੈ-ਅਜਿਹੀ ਸ਼ੁਭ ਕਾਮਨਾ ਕਰਦੀ ਹਾਂ।

ਈਸ਼ਵਰੀ ਸੇਵਾ ਵਿੱਚ
B. K. Janki
(ਬ੍ਰਹਮਾਕੁਮਾਰੀ ਜਾਨਕੀ)

ਸ਼ੁਭ ਭਾਵਨਾ ਸੰਦੇਸ਼

ਰਾਜਯੋਗਿਨਾ ਦਾਦੀ ਹਿਰਦੇਮੋਹਿਨੀ ਜੀ
ਸਹਿ ਮੁੱਖ ਪ੍ਰਸ਼ਾਸਿਕਾ ਬ੍ਰਹਮਾਕੁਮਾਰੀਜ਼
ਆਬੂ ਪ੍ਰਬਤ

ਵਰਤਮਾਨ ਸਮੇਂ ਕਿਸਾਨ ਭੈਣਾਂ ਤੇ ਭਰਾਵਾਂ ਦੇ ਜੀਵਨ ਅੰਦਰ ਅਧਿਆਤਮਿਕਤਾ ਅਤੇ ਖੇਤੀਬਾੜੀ ਵਿੱਚ ਪ੍ਰਕਿਰਤੀ ਦੇ ਪੰਜ ਤੱਤਾਂ ਦੀ ਸਤੋਪ੍ਰਧਾਨਤਾ ਦੇ ਨਾਲ ਨਾਲ ਉਪਲਭਦ ਬੀਜ, ਖਾਦ ਅਤੇ ਸਾਧਨ-ਸਮੱਗਰੀ ਦਾ ਵੀ ਸਾਤਵਿਕ ਹੋਣਾ ਅਤਿ ਜ਼ਰੂਰੀ ਹੈ ਕਿਉਂਕਿ ਅੱਜ ਕਿਸਾਨ ਭਾਈ-ਭੈਣਾਂ ਨੂੰ ਖੇਤੀ ਦੇ ਖੇਤਰ ਵਿੱਚ ਅਨੇਕ ਹਾਲਤਾਂ ਅਤੇ ਅਨੇਕ ਮੁਸੀਬਤਾਂ ਦਾ ਸਾਮ੍ਹਣਾ ਕਰਨਾ ਪੈ ਰਿਹਾ ਹੈ। ਨਤੀਜਾ ਇਹ ਹੈ ਕਿ ਖੇਤੀ ਦੁਆਰਾ ਹੋਣ ਵਾਲੀ ਉਪਜ ਅੰਦਰ ਜਿੰਨੀ ਸ਼ੁੱਧਤਾ, ਸਵਾਦਿਸ਼ਟਾ ਅਤੇ ਪੌਸ਼ਟਿਕਤਾ ਹੋਣੀ ਚਾਹੀਦੀ ਹੈ ਉੱਨ੍ਹੀ ਪ੍ਰਾਪਤ ਨਹੀਂ ਹੋ ਰਹੀ ਹੈ। ਜਿਸਦੇ ਨਤੀਜੇ ਵੱਜੋਂ ਅਨੇਕ ਪ੍ਰਕਾਰ ਦੀਆਂ ਸਰੀਰਕ ਬਿਮਾਰੀਆਂ ਵੱਧ ਰਹੀਆਂ ਹਨ। ਅਜਿਹੇ ਨਾਜ਼ੁਕ ਸਮੇਂ ਬ੍ਰਹਮਾਕੁਮਾਰੀ ਈਸ਼ਵਰੀ ਵਿਸ਼ਵ-ਵਿਦਿਆਲਾ ਦੀ ਸਹਿਯੋਗੀ ਸੰਸਥਾ ਰਾਜਯੋਗ ਐਜੂਕੇਸ਼ਨ ਐਂਡ ਰਿਸਰਚ ਫਾਊਂਡੇਸ਼ਨ (ਵਥਵ) ਦੇ ਗ੍ਰਾਮ ਵਿਕਾਸ ਵਿਭਾਗ ਦੁਆਰਾ ਈਸ਼ਵਰੀ ਗਿਆਨ ਅਤੇ ਰਾਜਯੋਗ ਤੇ ਆਧਾਰਿਤ "ਪ੍ਰਾਚੀਨ ਯੋਗਿਕ ਖੇਤੀ ਯੋਜਨਾ-ਨਵੇਂ ਯੁੱਗ ਲਈ ਨਵਾਂ ਕਦਮ" ਪੇਸ਼ ਕੀਤਾ ਜਾ ਰਿਹਾ ਹੈ ਜਿਸ ਨਾਲ ਕੌਮਾਂਤਰੀ ਅਤ਼ੇ ਕੌਮੀ ਪੱਧਰ ਦੇ ਕਿਸਾਨ ਭਾਈ-ਭੈਣਾਂ ਨੂੰ ਸਰਬ ਸਮੱਸਿਆਵਾਂ ਦੇ ਕਾਰਣਾਂ ਦਾ ਸਹਿਜ ਅਤੇ ਸਰਲ ਸਮਾਧਾਨ ਮਿਲ ਸਕੇਗਾ। ਸਾਨੂੰ ਉਮੀਦ ਹੈ ਕਿ ਰਾਜਯੋਗ ਤੇ ਆਧਾਰਿਤ ਖੇਤੀ ਤਕਨੀਕ ਨਾਲ ਨਵੇਂ ਯੁਗ ਦੇ ਨਿਰਮਾਣ ਵਿਚ ਮਹੱਤਵਪੂਰਣ ਯੋਗਦਾਨ ਮਿਲੇਗਾ। ਇਸ ਯੋਜਨਾ ਨੂੰ ਅਮਲੀਜਾਮਾ ਪਹਿਨਾਣ ਵਾਸਤੇ ਜੋ ਪਾਠਕ੍ਰਮ ਬਣਾਇਆ ਜਾ ਰਿਹਾ ਹੈ, ਇਸ ਨਾਲ ਕਿਸਾਨ ਭਾਈ-ਭੈਣਾਂ ਨੂੰ ਨਵੀਂ ਸੇਧ ਮਿਲੇਗੀ। ਇਸ ਦੇ ਪ੍ਰਕਾਸ਼ਨ ਉੱਤੇ ਮੈਂ ਆਪਣੀ ਹਾਰਦਿਕ ਸ਼ੁੱਭ ਭਾਵਨਾ ਪ੍ਰਗਟ ਕਰਦੀ ਹਾਂ।

ਈਸ਼ਵਰੀ ਸੇਵਾ ਵਿਚ

(ਬ੍ਰਹਮਾਕੁਮਾਰੀ ਹਿਰਦੇਮੋਹਿਨੀ)

ਭੂਮਿਕਾ

ਇਸ ਧਰਤੀ ਉੱਤੇ ਆਦਿਕਾਲ ਸੱਤਯੁਗ ਦਾ ਜਦੋਂ ਆਰੰਭ ਹੋਇਆ ਸੀ, ਉਸ ਸਮੇਂ ਦੀ ਪ੍ਰਕਿਰਤੀ ਸੰਪੂਰਨ ਸਤੋਪ੍ਰਧਾਨ ਸੀ, ਖੇਤੀ ਰਾਹੀਂ ਤਾਕਤਮੰਦ ਸ਼ੁੱਧ ਅੰਨ, ਫਲ, ਸਬਜ਼ੀਆਂ, ਦੁੱਧ ਆਦਿ ਹਾਸਲ ਹੁੰਦਾ ਸੀ। ਇਸ ਵਾਸਤੇ ਹਰ ਇਕ ਦਾ ਸਰੀਰ ਸੰਪੂਰਨ ਨਿਰੋਗੀ ਸੀ। ਹਰ ਮਨੁੱਖ ਮਨ ਅਤੇ ਤਨ ਦੀ ਸ਼ੁੱਧਤਾ ਦੇ ਕਾਰਨ ਦੈਵੀ ਗੁਣਾਂ ਨਾਲ ਸੰਪੰਨ ਦੇਵੀ-ਦੇਵਤਾ ਕਹਾਉਂਦਾ ਸੀ।ਆਪਸੀ ਸਨੇਹ, ਸਹਿਯੋਗ, ਸਦਭਾਵਨਾ, ਸੁੱਖ, ਸ਼ਾਂਤੀ, ਪਵਿਤ੍ਰਤਾ ਦੇ ਕਾਰਨ ਭਾਰਤ ਦੇਸ਼ ਖੁਸ਼ਹਾਲ, ਸੋਨੇ ਦੀ ਚਿੜੀ ਕਿਹਾ ਜਾਂਦਾ ਸੀ। ਸ੍ਰਿਸ਼ਟੀ ਚੱਕਰ ਦੇ ਨਿਯਮ ਪ੍ਰਮਾਣ ਹੌਲੀ-ਹੌਲੀ, ਮਨੁੱਖ ਆਤਮਾ ਦੇ ਨਾਲ ਨਾਲ, ਪ੍ਰਕਿਰਤੀ ਦੇ ਪੰਜ ਤੱਤ ਭੀ ਸਤੋਪ੍ਰਧਾਨ ਤੋਂ ਸਤੋ, ਰਜੋ, ਤਮੋ ਅਵਸਥਾ ਵਿਚ ਬਦਲਦੇ ਗਏ, ਜਿਸ ਦੇ ਨਤੀਜੇ ਵਜੋਂ ਆਤਮਾ ਤੇ ਪ੍ਰਕਿਰਤੀ ਦੋਵਾਂ ਦੀਆਂ ਸ਼ਕਤੀਆਂ ਘਟਦੀਆਂ ਗਈਆਂ । ਮੱਧਕਾਲ ਵਿਚ ਆਤਮਾ ਆਪਣੇ ਮੂਲ ਪਵਿਤਰ ਸਰੂਪ ਨੂੰ ਭੁੱਲ ਕੇ ਦੇਹ-ਅਭਿਮਾਨ ਦੇ ਵਸ ਹੋ ਗਈ, ਇਸ ਤਰ੍ਹਾਂ ਉਸ ਵਿਚ ਸਾਰੇ ਵਿਕਾਰ ਪੈਦਾ ਹੋ ਗਏ, ਫਲਸਰੂਪ ਮਰਦਮ ਸ਼ੁਮਾਰੀ ਵਿਚ ਲਗਾਤਾਰ ਵਾਧਾ ਹੁੰਦਾ ਗਿਆ, ਲੋੜਾਂ ਵਧਦੀਆਂ ਗਈਆਂ। ਸਵਾਰਥ ਵਿਰਤੀ ਨੇ ਐਸਾ ਪਰਛਾਵਾਂ ਪਾਇਆ ਕਿ ਮਨੁੱਖੀ ਆਤਮਾਵਾਂ ਨੇ ਪ੍ਰਕਿਰਤੀ ਨਾਲ ਖਿਲਵਾੜ ਕੀਤਾ, ਉਸ ਦਾ ਸ਼ੋਸ਼ਨ ਕੀਤਾ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਖੇਤੀ ਦੀ ਉਪਜ ਵਧਾਉਣ ਲਈ ਰਸਾਇਣਕ ਖਾਦਾਂ ਅਤੇ ਕੀਟ ਨਾਸ਼ਕਾਂ ਦੀ ਵਰਤੋਂ ਕੀਤੀ ਜਾਣ ਲੱਗੀ। ਵਰਤਮਾਨ ਸਮੇਂ ਵਾਧੂ ਅੰਨ ਪੈਦਾ ਕਰਨ ਦੀ ਲਾਲਸਾ ਨਾਲ ਅਨੇਕ ਨਵੀਆਂ ਵਿਧੀਆਂ ਵਰਤੀਆਂ ਗਈਆਂ।ਜਨ-ਸੰਖਿਆ ਜਿਵੇਂ ਵਧਦੀ ਗਈ ਤਿਵੇਂ ਹੀ ਖੇਤੀ ਉੱਤੇ ਅਨਾਜ ਉਤਪਾਦਨ ਦਾ ਦਬਾਅ ਵੱਧ ਹੁੰਦਾ ਗਿਆ। ਫਲਸਰੂਪ ਧਰਤੀ ਮਾਂ ਦੀ ਸ਼ਕਤੀ ਵੀ ਘਟਦੀ ਗਈ। ਉਪਜਾਊ ਧਰਤੀ ਬੰਜਰ ਜ਼ਮੀਨ ਵਿਚ ਪਰਿਵਰਤਨ ਹੋਣ ਲਗ ਪਈ। ਪ੍ਰਕਿਰਤੀ ਦੇ ਸਾਰੇ ਤੱਤ ਆਪਣਾ ਸੰਤੁਲਨ ਗਵਾਉਣ ਲੱਗ ਪਏ। ਲੋਭ ਅਤੇ ਹਿੰਸਕ ਵਿਰਤੀਆਂ ਨਾਲ ਪੈਦਾ ਕੀਤੇ ਅੰਨ ਨੇ ਸੰਭਨਾਂ ਦੀਆਂ ਮਨੋਵਿਰਤੀਆਂ ਨੂੰ ਵੀ ਹਿੰਸਕ ਬਣਾ ਦਿੱਤਾ, ਮਨ ਅਤੇ ਤਨ ਅੰਦਰ ਅਨੇਕਾਂ-ਅਨੇਕ ਨਵੀਆਂ ਬੀਮਾਰੀਆਂ ਨੇ ਅਪਨਾ ਘਰ ਬਣਾ ਲਿਆ। ਤੱਤਾਂ ਦਾ ਸੰਤੁਲਨ ਵਿਗੜ ਜਾਣ ਨਾਲ ਕਿਧਰੇ ਸੋਕਾ, ਕਿਧਰੇ ਭੁਚਾਲ, ਸੁਨਾਮੀ, ਕਿਧਰੇ ਹੜ੍ਹਾਂ ਦੇ ਹਾਲਾਤ ਬਣ ਗਏ। ਕੁਦਰਤੀ ਆਫਤਾਂ ਦੇ ਨਾਲ-ਨਾਲ ਅਨੇਕ ਪ੍ਰਕਾਰ ਦੀਆਂ ਬੀਮਾਰੀਆਂ ਨੇ ਵੀ ਖੇਤੀ ਉੱਤੇ ਅਸਰ ਕੀਤਾ। ਇਹ ਸਾਰਾ ਕੁਝ ਮਨੁੱਖੀ ਆਤਮਾ ਦੇ ਦੂਸ਼ਿਤ ਕਰਮਾਂ ਅਤੇ ਸਵਾਰਥ ਵਿਰਤੀਆਂ ਦਾ ਹੀ ਪ੍ਰਣਾਮ ਹੈ।

"ਵਿਸ਼ਵ ਅੰਨ ਅਤੇ ਖੇਤੀ ਸੰਗਠਨ 1988" ਰੋਮ ਵਿਚ ਸਰਬ ਸੰਮਤੀ ਨਾਲ ਕੀਤੇ ਫੈਸਲੇ ਅਨੁਸਾਰ, ਪ੍ਰਾਚੀਨ ਗ੍ਰਾਮ ਵਿਕਾਸ ਕਰਨ ਵਾਸਤੇ ਕੁਦਰਤੀ ਸਾਧਨ-ਸਮੱਗਰੀ ਦਾ ਉੱਚਿਤ ਪ੍ਰਬੰਧਨ ਕਰਨਾ ਜ਼ਰੂਰੀ ਹੈ। ਮਨੁੱਖ ਦੀਆਂ ਮੂਲ-ਲੋੜਾਂ ਜਿਵੇਂ ਅੰਨ, ਕੱਪੜਾ, ਘਰ ਸਹਿਜੇ ਹੀ ਪ੍ਰਾਪਤ ਹੋਣ, ਇਸ ਲਈ ਮਨੁੱਖ ਨੂੰ ਸੁਚੇਤ ਰਹਿਣਾ ਹੋਵੇਗਾ ਤਾਂ ਕਿ ਆਉਣ ਵਾਲੀ ਨਵੀਂ ਪੀੜ੍ਹੀ ਵੀ ਸੁੱਖ ਸ਼ਾਂਤੀ ਨਾਲ ਜੀਵਨ ਬਤੀਤ ਕਰ ਸਕੇ। ਇਸ ਦੀ ਪੂਰਤੀ ਲਈ ਜ਼ਮੀਨ, ਜਨ, ਬਨਸਪਤੀ, ਪਸ਼ੂ, ਪੰਛੀ ਅਤੇ ਜੈਵਿਕ ਭਿੰਨਤਾ ਦਾ ਯੋਗ ਮੇਲ-ਜੋਲ, ਪ੍ਰਾਚੀਨ ਖੇਤੀ ਉਤਪਾਦਨ ਵਾਸਤੇ ਵਾਤਾਵਰਣ ਨੂੰ ਸੰਤੁਲਿਤ ਰਖਣਾ ਵੀ ਜ਼ਰੂਰੀ ਹੈ।ਇਸ ਲਈ ਆਰਥਕ ਅਤੇ ਸਮਾਜਕ ਦ੍ਰਿਸ਼ਟੀਕੋਣ ਤੋਂ ਵੀ ਮੰਨਣ ਯੋਗ "ਤੰਤ੍ਰ-ਗਿਆਨ" ਵਿਕਸਤ ਕਰਨਾ ਪਵੇਗਾ।

ਖੇਤੀ ਦੇ ਵਾਧੂ ਉਤਪਾਦਨ ਦੇ ਨਾਲ, ਕਿਸ ਨੇ ਅਤੇ ਕਿਸ ਤਰ੍ਹਾਂ ਉਤਪਾਦਨ ਕੀਤਾ, ਇਹ ਵੀ ਸਿਹਤ ਵਾਸਤੇ ਮਹੱਤਵਪੂਰਨ ਹੈ। ਹੁਣ ਸਮੇਂ ਦੀ ਮੰਗ ਹੈ ਕਿ ਆਪਣੇ ਮੂਲ ਰੂਪ ਨੂੰ ਪਹਿਚਾਨ ਕੇ ਯੋਗਿਕ ਅਮਲ ਨੂੰ ਸਮਝਕੇ ਅਤੇ ਅਪਣਾ ਕੇ ਪ੍ਰਾਚੀਨ ਯੋਗਿਕ ਖੇਤੀ ਦਾ ਪ੍ਰਯੋਗ ਅਤੇ ਪ੍ਰਸਾਰ ਕਰੀਏ ਤਾਂ ਅਸੀਂ ਫਿਰ ਤੋਂ ਉਸ ਸੁਨਿਹਰੀ ਕਾਲ ਨੂੰ ਪ੍ਰਤੱਖ ਕਰ ਸਕਾਂਗੇ।

ਪ੍ਰਜਾਪਿਤਾ ਬ੍ਰਹਮਾਕੁਮਾਰੀ ਈਸ਼ਵਰੀ ਵਿਸ਼ਵ ਵਿਦਿਆਲਾ ਦੇ ਨਾਲ ਉਸਦੀ ਸਹਿਯੋਗੀ ਸੰਸਥਾ ਰਾਜਯੋਗ ਐਜੂਕੇਸ਼ਨ ਐਂਡ ਰਿਸਰਚ ਫਾਊਂਡੇਸ਼ਨ ਦੇ ਗ੍ਰਾਮ ਵਿਕਾਸ ਵਿਭਾਗ ਦੁਆਰਾ ਪਿਛਲੇ 8 ਸਾਲਾਂ ਤੋਂ ਭਾਰਤ ਦੇਸ਼ ਦੇ ਕਿਸਾਨ ਭਰਾਵਾਂ ਤੇ ਭੈਣਾਂ ਨੂੰ "ਪ੍ਰਾਚੀਨ ਯੌਗਿਕ ਖੇਤੀ" ਦੇ ਵਿਸ਼ੇ ਬਾਰੇ ਜਾਗ੍ਰਿਤ ਕੀਤਾ ਜਾ ਰਿਹਾ ਹੈ। ਇਸ ਵਿਦਿਆਲਾ ਨਾਲ ਜੁੜੇ ਹੋਏ ਮਹਾਂਰਾਸ਼ਟਰ ਅਤੇ ਗੁਜਰਾਤ ਸੂਬਿਆਂ ਦੇ ਕਈ ਰਾਜਯੋਗੀ ਕਿਸਾਨ ਭਾਈ-ਭੈਣਾਂ ਨੇ ਆਪਣੀ ਖੇਤੀ ਉੱਤੇ ਰਾਜਯੋਗ ਦੀਆਂ ਸ਼ਕਤੀਆਂ ਦਾ ਪ੍ਰਯੋਗ ਕੀਤਾ ਹੈ, ਨਾਲ ਹੀ ਨਾਲ ਜੈਵਿਕ ਖਾਦ ਦੇ ਨਵੇਂ ਨੁਸਖੇ ਤਿਆਰ ਕਰਕੇ ਅਪਣੀ ਜ਼ਮੀਨ ਨੂੰ ਬਹੁਤ ਵਧੀਆ ਉਪਜਾਊ ਬਣਾ ਕੇ ਖੇਤੀ ਕਰ ਰਹੇ ਹਨ। ਸਿੱਟੇ ਵਜੋਂ ਉਹ ਘੱਟ ਤੋਂ ਘੱਟ ਖਰਚਾ ਕਰਕੇ ਚੰਗੀ ਫਸਲ ਲੈ ਰਹੇ ਹਨ। ਇਹ ਨਵੇਂ ਯੁੱਗ ਲਈ ਇਕ ਨਵਾਂ ਕਦਮ ਹੈ।

ਪਰਮਪਿਤਾ ਪਰਮਾਤਮਾ, ਜੋ ਇਸ ਸ੍ਰਿਸ਼ਟੀ ਦੇ ਆਦਿ-ਮੱਧ-ਅੰਤ ਦੇ ਗਿਆਤਾ, ਗਿਆਨ ਦੇ ਸਾਗਰ , ਸੁੱਖ ਸ਼ਾਂਤੀ ਦੇ ਦਾਤਾ ਹਨ ਆਪਣੇ ਬੱਚਿਆਂ ਨੂੰ ਫਿਰ ਤੋਂ ਰਾਜਯੋਗ ਸਿਖਾ ਕੇ ਉਹਨਾਂ ਦੀ ਮਨੋਵਿਰਤੀਆਂ ਨੂੰ ਪਰਿਵਰਤਨ ਕਰ

ਰਹੇ ਹਨ। ਉਹਨਾਂ ਦੀ ਸ਼੍ਰੀਮਤ ਹੈ–"ਬੱਚੇ ਅਪਣੇ ਸਰੂਪ ਨੂੰ ਪਹਿਚਾਨੋ, ਸਵੈਧਰਮ ਵਿੱਚ ਟਿਕ ਕੇ ਮੁਝ ਗਿਆਨ ਸੂਰਜ ਪਿਤਾ-ਪਰਮਾਤਮਾ ਨਾਲ ਆਪਣਾ ਬੁੱਧੀਯੋਗ ਜੋੜ ਲਵੋ ਤਾਂ ਮੇਰੀ ਸ਼ਕਤੀਆਂ ਆਪਦੇ ਸੰਕਲਪਾਂ ਨੂੰ ਸ਼ਕਤੀਸ਼ਾਲੀ ਬਣਾ ਦੇਣਗੀਆਂ। ਫਿਰ ਤੁਹਾਡੇ ਸ਼ੁੱਧ ਅਤੇ ਸ੍ਰੇਸ਼ਟ ਸੰਕਲਪ ਹਰ ਸਿੱਧੀ ਨੂੰ ਪ੍ਰਾਪਤ ਕਰਨਗੇ। ਅਸੰਭਵ ਵੀ ਸੰਭਵ ਹੋ ਜਾਵੇਗਾ। ਇਹ ਅਧਿਆਤਮਿਕ ਖੇਤੀ-ਵਿਗਿਆਨ ਹੈ। ਇਸ ਵਿਚ ਪਰਮਾਤਮ ਸ਼ਕਤੀ ਅਤੇ ਆਤਮ ਸ਼ਕਤੀ ਦੇ ਸੰਕਲਪਾਂ ਦਾ ਉਚ ਤੇ ਉਚ ਪ੍ਰਯੋਗ ਹੈ, ਜਿਹੜਾ ਕਿ ਸ਼ੁੱਧ ਸ੍ਰੇਸ਼ਟ, ਸ਼ਕਤੀਸ਼ਾਲੀ ਭਾਵਨਾਵਾਂ ਦੀਆਂ ਤਰੰਗਾਂ ਦੁਆਰਾ ਸੰਪੰਨ ਹੋ ਸਕਦਾ ਹੈ।"

ਸੋ ਹੁਣ ਸਮਾਂ ਆ ਗਿਆ ਹੈ-ਅਪਣੇ ਅੰਨਦਾਤਾ ਕਿਸਾਨਾਂ ਨੂੰ ਜਾਗ੍ਰਤ ਕਰਨ ਦਾ। ਉਹ ਆਪਣੇ ਉੱਤਮ ਸਵੈਮਾਨ ਅਤੇ ਸ਼ਕਤੀ ਨੂੰ ਪਹਿਚਾਨ ਸਕਣ। ਸ਼ੁੱਭ ਭਾਵਨਾ ਹੈ ਕਿ ਸਭ ਤੋਂ ਪਹਿਲਾ ਕਿਸਾਨ ਵਰਗ ਰਾਜਯੋਗ ਦੀ ਵਿੱਧੀ ਸਿੱਖ ਕੇ ਆਪਣੀ ਖੇਤੀ ਦੇ ਕੁੱਝ ਹਿੱਸੇ ਵਿਚ ਇਸ ਦਾ ਪ੍ਰਯੋਗ ਕਰਕੇ ਸਫਲਤਾ ਸੰਪੰਨ ਅਨੁਭਵੀ ਬਣਨ। ਉਸ ਵਿਚ ਕਿਸੇ ਵੀ ਪ੍ਰਕਾਰ ਦੀ ਰਸਾਇਣਕ ਖਾਦ, ਕੀਟਨਾਸ਼ਕ, ਜ਼ਹਿਰੀਲੀਆਂ ਦਵਾਈਆਂ ਦਾ ਪ੍ਰਯੋਗ ਕੀਤੇ ਬਿਨਾਂ, ਘਰ ਵਿਚ ਤਿਆਰ ਕੀਤੀ ਹੋਈ ਜੈਵਿਕ ਖਾਦ ਦੁਆਰਾ ਖੇਤੀ ਨੂੰ ਤਾਕਤਵਰ ਬਣਾ ਕੇ ਫਿਰ ਉਸ ਵਿਚ ਯੋਗ ਦੇ ਸਾਕਾਸ਼ ਦਾ, ਆਤਮਾ ਦੇ ਸੱਤਾਂ ਗੁਣਾਂ ਦੀ ਇਕਾਗ੍ਰਤਾ ਅਤੇ ਦ੍ਰਿੜਤਾ ਨਾਲ ਪ੍ਰਯੋਗ ਕਰਕੇ ਅਪਣੇ ਨਿੱਜੀ ਵਰਤੋਂ ਵਿੱਚ ਕੰਮ ਆਉਣ ਵਾਲੇ ਸ਼ੁੱਧ, ਸਾਤਵਿਕ, ਅੰਨ, ਸਬਜ਼ੀਆਂ ਅਤੇ ਫਲ ਪੈਦਾ ਕਰਨ। ਖੁੱਦ ਸਫਲਤਾ ਪ੍ਰਾਪਤ ਕਰਨ ਤੋਂ ਬਾਅਦ ਆਪਣੇ ਸੰਬੰਧ-ਸੰਪਰਕ ਵਿੱਚ ਆਉਣ ਵਾਲੇ ਕਿਸਾਨ ਭਾਈ-ਭੈਣਾਂ ਨੂੰ ਵੀ ਪ੍ਰੇਰਨਾ ਦੇਣ ਤਾਂ ਜੋ ਹਰ ਕੋਈ ਅਧਿਆਤਮਿਕ ਸ਼ਕਤੀਆਂ ਨੂੰ ਪਹਿਚਾਨ ਸਕੇ ਅਤੇ ਸੰਪੂਰਨ ਵਿਸ਼ਵ ਅਤੇ ਭਾਰਤ ਦੇਸ਼ ਫਿਰ ਤੋਂ ਖੁਸ਼ਹਾਲ ਬਣਕੇ ਵਿਸ਼ਵ ਗੁਰੂ ਦੀ ਪਦਵੀ ਪ੍ਰਾਪਤ ਕਰੇ ਅਤੇ ਪਰਮਾਤਮ ਕਾਰਜ ਪ੍ਰਤੱਖ ਹੋਵੇ।

ਇਸੇ ਸ਼ੁੱਭ ਭਾਵਨਾ ਨਾਲ ਇਹ "ਪ੍ਰਾਚੀਨ ਯੋਗਿਕ ਖੇਤੀ" ਨਾਂ ਦੀ ਪੁਸਤਕ ਤਿਆਰ ਕੀਤੀ ਗਈ ਹੈ। ਉਮੀਦ ਹੈ ਕਿਸਾਨ ਭਾਈ-ਭੈਣਾਂ ਨੂੰ ਇਸ ਪੁਸਤਕ ਦੁਆਰਾ ਖੇਤੀ ਕਰਨ ਦੀ ਨਵੀਂ ਵਿੱਧੀ ਦੀ ਸਹੀ ਜਾਣਕਾਰੀ ਮਿਲ ਸਕੇਗੀ।

ਇਸ ਸ਼ੁਭ ਭਾਵਨਾ ਦੇ ਨਾਲ

(ਬੀ.ਕੇ.ਰਾਜੂ)
ਉੱਪ ਪ੍ਰਧਾਨ, ਖੇਤੀ ਅਤੇ ਗ੍ਰਾਮ ਵਿਕਾਸ ਵਿਭਾਗ, ਬ੍ਰਾਹਮਾਕੁਮਾਰੀਜ਼
ਆਬੂ ਪ੍ਰਬਤ

(ਬੀ.ਕੇ.ਸਰਲਾ)
ਪ੍ਰਧਾਨ, ਖੇਤੀ ਅਤੇ ਗ੍ਰਾਮ ਵਿਕਾਸ ਵਿਭਾਗ, ਬ੍ਰਾਹਮਾਕੁਮਾਰੀਜ਼
ਆਬੂ ਪ੍ਰਬਤ

ਈਸ਼ਵਰੀ ਪ੍ਰੇਰਨਾਵਾਂ
ਵਿਰਤੀ ਦੁਆਰਾ ਪ੍ਰਕਿਰਤੀ ਦਾ ਪਰਿਵਰਤਨ ਕਰੋ

1. ਕਿਸੇ ਵੀ ਕੰਮ ਵਿਚ ਸਫਲਤਾ ਪ੍ਰਾਪਤ ਕਰਨ ਦਾ ਸਭ ਤੋਂ ਸਹਿਜ ਸਾਧਨ ਹੈ-ਵਿਰਤੀ ਦੁਆਰਾ ਤਰੰਗਾਂ ਪੈਦਾ ਕਰਨਾ ਅਤੇ ਤਰੰਗਾਂ ਦੁਆਰਾ ਵਾਤਾਵਰਣ ਬਨਾਉਣਾ। ਜਿਸ ਤਰ੍ਹਾਂ ਰਾਕਟ ਤੇਜ਼ ਗਤੀ ਨਾਲ ਜਾਂਦਾ ਹੈ ਇਸੇ ਤਰ੍ਹਾਂ ਆਪਦੀ ਰੂਹਾਨੀ ਸ਼ੁੱਭ ਭਾਵਨਾ, ਸ਼ੁੱਭ ਕਾਮਨਾ ਦੀ ਵਿਰਤੀ, ਦ੍ਰਿਸ਼ਟੀ ਤੇ ਸ੍ਰਿਸ਼ਟੀ ਨੂੰ ਬਦਲ ਦਿੰਦੀ ਹੈ। ਇਕ ਥਾਂ ਤੇ ਬੈਠੇ ਵੀ ਵਿਰਤੀ ਦੁਆਰਾ ਸੇਵਾ ਕਰ ਸਕਦੇ ਹੋ ।
2. ਆਪ ਦੀ ਵਿਰਤੀ ਰੂਹਾਨੀ ਅਤੇ ਸ਼ਕਤੀਸ਼ਾਲੀ ਉਦੋਂ ਹੋਵੇਗੀ ਜਦੋਂ ਅਪਣੇ ਦਿਲ ਵਿਚ ਕੋਈ ਵੀ ਉਲਟੀ ਵਿਰਤੀ ਦੀ ਤਰੰਗ ਨਹੀਂ ਹੋਵੇਗੀ। ਆਪਣੇ ਮਨ ਦੀ ਵਿਰਤੀ ਨੂੰ ਸਦਾ ਸਵੱਛ ਰਖੋ। ਵਿਅਰਥ ਜਾਂ ਨੈਗੇਟਿਵ ਵਿਰਤੀ ਨੂੰ ਪਹਿਲਾਂ ਪੋਜ਼ੇਟਿਵ ਬਣਾਓ। ਮਨ ਵਿੱਚ ਕੋਈ ਵੀ ਖਿਟ-ਪਿਟ ਨਾ ਹੋਵੇ, ਤਾਂ ਹੀ ਸ਼ੁਭ ਵਿਰਤੀ ਨਾਲ ਸੇਵਾ ਕਰ ਸਕੋਗੇ।
3. ਨਮਿਤ ਆਤਮਾ ਸੈਕੰਡ ਵਿਚ ਵੇਸਟ (waste) ਨੂੰ ਖਤਮ ਕਰਕੇ ਬੈਸਟ(Best) ਦਾ ਪ੍ਰਭਾਵ ਵਾਤਾਵਰਣ ਵਿਚ ਫੈਲਾਵੇ ਤਾਂ ਮੰਨਸਾ ਸੇਵਾ ਦਾ ਰੈਸਪਾਂਡ(respond) ਪ੍ਰੈਕਟੀਕਲ ਰੂਪ ਵਿਚ ਦਿਖਾਈ ਦੇਵੇਗਾ। ਸਿਰਫ ਵਿਸਥਾਰ ਨੂੰ ਸ਼ਾਰਟ (short) ਕਰਕੇ ਮਨ ਦੀਆਂ ਸ਼ਕਤੀਆਂ ਨੂੰ ਵਧਾਓ ਅਤੇ ਉਹਨਾਂ ਦਾ ਪ੍ਰਯੋਗ ਕਰੋ ।
4. ਰੋਜ਼ ਸਾਰੇ ਦਿਨ ਅੰਦਰ ਵੱਖ-ਵੱਖ ਸਮੇਂ ਮਨ ਦੀ ਐਕਸਰਸਾਈਜ (exercise) 5-5 ਮਿੰਟ ਵਾਸਤੇ ਕਰੋ। ਹੁਣੇ ਹੁਣੇ ਸਾਕਾਰੀ, ਹੁਣੇ ਹੁਣੇ ਆਕਾਰੀ ਅਤੇ ਨਿਰਾਕਾਰੀ। ਇਸ ਨਾਲ ਇੱਛਾ-ਸ਼ਕਤੀ ਸ਼ਕਤੀਸ਼ਾਲੀ ਬਣ ਜਾਏਗੀ ਅਤੇ ਸ਼ਕਤੀਸ਼ਾਲੀ ਇੱਛਾ-ਸ਼ਕਤੀ ਜਦੋਂ ਜਿੱਥੇ ਚਾਹੇ ਉੱਥੇ ਆਪਣਾ ਪ੍ਰਭਾਵ ਪਾ ਸਕਦੀ ਹੈ।
5. ਹੁਣ ਸਮੇਂ ਅਨੁਸਾਰ ਵਿਰਤੀ ਤੋਂ ਵਾਯੂਮੰਡਲ ਬਨਾਉਣ ਦੇ ਸਖ਼ਤ ਪੁਰਸ਼ਾਰਥ ਦੀ ਲੋੜ ਹੈ। ਵਿਰਤੀ ਅਤੇ ਵਾਇਬ੍ਰੇਸ਼ਨ (vibration) ਨਾਲ ਵਾਤਾਵਰਣ ਬਣਦਾ ਹੈ ਅਤੇ ਉਹ ਵਾਤਾਵਰਣ ਪ੍ਰਕਿਰਤੀ ਨੂੰ ਪ੍ਰਭਾਵਿਤ ਕਰਦਾ ਹੈ। ਲੇਕਿਨ ਵਿਰਤੀ ਨੂੰ ਸਦਾ ਸ਼ੁੱਭ ਰੱਖਣਾ, ਕੋਈ ਵੀ ਨਿਗੇਟਿਵ ਗੱਲ ਸੁਣੀ ਤਾਂ ਇਕ ਕੰਨ ਤੋਂ ਸੁਣ ਕੇ ਦੂਸਰੇ ਕੰਨ ਤੋਂ ਬਾਹਰ ਕੱਢ ਦੇਵੋ, ਤਾਂ ਹੀ ਵਿਰਤੀ ਤੋਂ ਵਾਤਾਵਰਣ ਬਣਾਉਣ ਦੀ ਸੇਵਾ ਤੇਜ਼ ਗਤੀ ਨਾਲ ਕਰ ਸਕੋਗੇ।
6. ਵਿਸ਼ਵ ਪਰਿਵਰਤਨ ਅਤੇ ਪ੍ਰਾਕਿਰਤੀ ਦਾ ਪਰਿਵਰਤਨ ਕਰਨਾ ਹੈ ਤਾਂ 'ਦੁਆ' ਸ਼ਬਦ ਯਾਦ ਰੱਖਣਾ। ਜਦੋਂ ਤੁਹਾਡੇ ਜੜ੍ਹ ਚਿੱਤਰ ਦੁਆਵਾਂ ਦੇ ਰਹੇ ਹਨ, ਵਿਰਤੀ ਦੁਆਰਾ ਹਰ ਇਕ ਦੀ ਕਾਮਨਾ ਪੂਰੀ ਕਰ ਰਹੇ ਹੈਂ ਤਾਂ ਆਪ ਚੇਤਨ ਆਤਮਾ ਕੀ ਨਹੀਂ ਕਰ ਸਕਦੇ ਹੋ? ਸਿਰਫ ਦੁਆ ਦੇਵੋ ਤੇ ਦੁਆ ਲਵੋ।

7. ਆਪ ਦੇ ਇਕ-ਇਕ ਮਾਸਟਰ ਸਰਬਸ਼ਕਤੀਮਾਨ ਦੇ ਸੰਕਲਪ ਅੰਦਰ ਇਤਨੀ ਤਾਕਤ ਹੈ ਜੋ ਚਾਹੋ ਉਹ ਹੋ ਸਕਦਾ ਹੈ, ਸਿਰਫ ਦ੍ਰਿੜਤਾ ਦੀ ਚਾਬੀ ਸਮੇਂ ਤੇ ਸਦਾ ਯੂਜ਼ (use) ਕਰੋ।

8. ਸਾਇਲੈਂਸ (silence) ਦੀ ਸ਼ਕਤੀ ਨਾਲ ਕਠੋਰ ਧਰਤੀ ਦਾ ਪਰਿਵਰਤਨ ਕਰ ਸਕਦੇ ਹੋ। ਸੰਕਲਪ ਵੀ ਸ੍ਰਿਸ਼ਟੀ ਬਣਾ ਦਿੰਦਾ ਹੈ। ਤਾਂ ਸ਼ੁੱਭ ਭਾਵਨਾ ਦੇ ਸੰਕਲਪ ਨਾਲ, ਅਪਨੀ ਚੜਦੀਕਲਾ ਦੇ ਵਾਇਬ੍ਰੇਸ਼ਨ(vibration)ਦੁਆਰਾ ਧਰਤੀ ਦਾ ਪਰਿਵਰਤਨ ਕਰਦੇ ਚਲੋ। ਇਹ ਸਾਇਲੈਂਸ (silence) ਦੀ ਸ਼ਕਤੀ ਸਦਾ ਆਪਦੇ ਗਲੇ ਵਿਚ ਸਫਲਤਾ ਦੀ ਮਾਲਾ ਪਹਿਨਾਏਗੀ।

9. ਸਾਇਲੈਂਸ (silence)ਦੀ ਸ਼ਕਤੀਸ਼ਾਲੀ ਸ਼ੁੱਭ ਭਾਵਨਾ ਦੇ ਪ੍ਰਤੱਖ ਪ੍ਰਮਾਣ ਅੱਗੇ ਚੱਲਕੇ ਤੁਸੀਂ ਅਨੁਭਵ ਕਰਦੇ ਰਹੋਗੇ। ਸਿਰਫ ਇਸ ਵਾਸਤੇ ਇਕਾਗ੍ਰਤਾ ਭਾਵ ਰੂਹਾਨੀਅਤ ਵਿਚ ਟਿਕਣ ਦਾ, ਅੰਤਰਮੁਖੀ ਰਹਿਣ ਦਾ ਵਰਤ ਲਵੋ ਤਾਂ ਹੀ ਆਤਮਾਵਾਂ ਨੂੰ ਗਿਆਨ ਸੂਰਜ ਦਾ ਚਮਤਕਾਰ ਦਿਖਾ ਸਕੋਗੇ।

10. ਆਪ ਸਭ ਨੇ ਜੋ ਪਾਨ ਦਾ ਬੀੜਾ ਚੁੱਕਿਆ ਹੈ ਕਿ ਪਵਿੱਤ੍ਰਤਾ ਦੁਆਰਾ ਅਸੀਂ ਪ੍ਰਕਿਰਤੀ ਨੂੰ ਵੀ ਪਾਵਨ ਬਣਾਵਾਂਗੇ, ਤਾਂ ਬਾਪ-ਦਾਦਾ ਚਾਹੁੰਦੇ ਹਨ ਕਿ ਸਾਰੇ ਵਿਸ਼ਵ ਵਿਚ ਹਰ ਇਕ ਬੱਚਾ ਲਗਾਓ-ਮੁਕਤ ਬਣੇ-ਚਾਹੇ ਸਾਧਨਾ ਵਲੋਂ ਚਾਹੇ ਵਿਅਕਤੀਆਂ ਵਲੋਂ ।

11. ਵਾਣੀ ਦੇ ਨਾਲ-ਨਾਲ ਜਦੋਂ ਵਿਰਤੀ ਰਾਹੀਂ ਸੇਵਾ ਕਰੋਗੇ, ਤਦ ਇਸ ਡਬਲ ਸੇਵਾ ਨਾਲ ਪਾਵਰਫੁਲ ਵਾਤਾਵਰਣ ਬਣੇਗਾ ਅਤੇ ਪ੍ਰਕਿਰਤੀ ਦਾਸੀ ਬਣਦੀ ਜਾਵੇਗੀ। ਇਹ ਹਲਚਲ ਕਰਨ ਦੀ ਬਜਾਏ ਦਾਸੀ ਬਣ ਕੇ ਸੇਵਾ ਕਰੇਗੀ।

12. ਦਿਵਯ-ਬੁੱਧੀ ਐਸਾ ਸ੍ਰੇਸ਼ਟ ਜੰਤਰ ਹੈ ਜੋ ਇਸ ਜੰਤਰ ਦੁਆਰਾ ਵਿਅਕਤੀ ਤਾਂ ਕੀ ਪ੍ਰਕਿਰਤੀ ਨੂੰ ਵੀ ਦਿਵਯ ਬਣਾ ਸਕਦੇ ਹੋ। ਵਿਅਕਤੀ ਨੂੰ ਵੀ ਦਿਵਯ ਬਨਾਉਣ ਨਾਲ ਪ੍ਰਕਿਰਤੀ ਉਤੇ ਖੁਦ ਹੀ ਪ੍ਰਭਾਵ ਪੈਂਦਾ ਜਾਏਗਾ। ਦਿਵਯ ਬੁੱਧੀ ਸਦਾ ਇਮਰਜ (emerge)ਰੂਪ ਵਿਚ ਰਹੇ ਤਾਂ ਪ੍ਰਕਿਰਤੀ ਨੂੰ ਵੀ ਪਰਿਵਰਤਨ ਕਰ ਸਕਦੇ ਹੋ ਇਹ ਪਰਮਾਤਮ ਵਰਦਾਨ ਹੈ।

13. ਆਪ ਲੋਕਾਂ ਦੀ ਜਦੋਂ ਆਪਣੀ ਸਥਿਤੀ ਨਿਆਰੀ ਤੇ ਪਿਆਰੀ ਹੋਵੇਗੀ ਉਦੋਂ ਹੀ ਪਾਵਰਫੁਲ-ਸ਼ਕਤੀਸ਼ਾਲੀ ਲਾਈਟ-ਹਾਊਸ, ਮਾਈਟ ਹਾਊਸ ਸਥਿਤੀ ਵਿਚ ਸਥਿਰ ਹੋ ਕੇ ਵਾਇਬ੍ਰੇਸ਼ਨ ਫੈਲਾਉਣ ਦੀ ਸੇਵਾ ਕਰ ਸਕੋਗੇ।

14. ਪ੍ਰਯੋਗੀ ਆਤਮਾ ਦੀ ਪਹਿਲੀ ਨਿਸ਼ਾਨੀ ਹੈ-ਸੰਸਕਾਰਾਂ ਉੱਪਰ ਪ੍ਰਯੋਗ ਵਿਚ ਸਦਾ ਜਿੱਤ ਦੂਜੀ ਨਿਸ਼ਾਨੀ-ਪ੍ਰਕਿਰਤੀ ਦੁਆਰਾ ਆਉਣ ਵਾਲੀ ਪਰਸਥਿਤੀਆਂ ਉੱਤੇ ਯੋਗ ਦੇ ਪ੍ਰਯੋਗ ਰਾਹੀਂ ਜਿੱਤ।

15. ਆਪ ਬ੍ਰਹਮਣ ਆਤਮਾਵਾਂ ਪੁਰਸ਼ੋਤਮ ਆਤਮਾਵਾਂ ਹੋ। ਪ੍ਰਕਿਰਤੀ ਪੁਰਸ਼ੋਤਮ ਆਤਮਾਵਾਂ ਦੀ

ਦਾਸੀ ਹੈ।ਹੁਣ ਤੁਸੀਂ ਨਾ ਸਿਰਫ ਆਤਮਾਵਾਂ ਦਾ ਪਰਿਵਰਤਨ ਕਰਦੇ ਹੋ ਬਲਕਿ ਪ੍ਰਕਿਰਤੀ ਦਾ ਵੀ ਪਰਿਵਰਤਨ ਕਰਦੇ ਹੋ।ਜਿੰਨਾ-ਜਿੰਨਾ ਤੁਹਾਡੀਆਂ ਸ਼ਕਤੀਸ਼ਾਲੀ, ਸੱਤੋਪ੍ਰਧਾਨ ਵਾਇਬ੍ਰੇਸ਼ਨ ਹੋਣਗੀਆਂ ਉੱਨਾ ਹੀ ਪ੍ਰਕਿਰਤੀ ਅਤੇ ਮਨੁੱਖੀ ਆਤਮਾਵਾਂ ਦੀ ਵਿਰਤੀ ਦੋਵੇਂ ਹੀ ਬਦਲ ਜਾਣਗੀਆਂ। ਮਨੁੱਖ ਆਤਮਾਵਾਂ ਨੂੰ ਵਿਰਤੀ ਨਾਲ ਚੇਂਜ ਕਰਨਾ ਹੈ ਅਤੇ ਪ੍ਰਕਿਰਤੀ ਨੂੰ ਵਾਇਬ੍ਰੇਸ਼ਨ ਦੁਆਰਾ ਪਰਿਵਰਤਨ ਕਰਨਾ ਹੈ।ਇਸ ਵਾਸਤੇ ਪਰਿਵਰਤਨ ਕਰਨ ਵਾਲਿਆਂ ਦੀ ਵਿਰਤੀ ਸਦਾ ਹੀ ਸ਼ਕਤੀਸ਼ਾਲੀ ਚਾਹੀਦੀ ਹੈ, ਸਾਧਾਰਨ ਨਹੀਂ।

16. ਆਪ ਦੀ ਪਵਿੱਤਰ ਦ੍ਰਿਸ਼ਟੀ ਨਾਲ ਵਿਸ਼ਵ ਦੀਆਂ ਆਤਮਾਵਾਂ ਅਤੇ ਪ੍ਰਕਿਰਤੀ ਦੋਵੇਂ ਪਵਿੱਤਰ ਬਣ ਰਹੇ ਹਨ। ਆਪ ਦੀ ਦ੍ਰਿਸ਼ਟੀ ਨਾਲ ਸ੍ਰਿਸ਼ਟੀ ਬਦਲ ਰਹੀ ਹੈ।ਆਪ ਦੇ ਸ੍ਰੇਸ਼ਟ ਕਰਮਾਂ ਨਾਲ ਸ੍ਰੇਸ਼ਟਾਚਾਰੀ ਦੁਨਿਆਂ ਬਣ ਰਹੀ ਹੈ।

17. ਆਪ ਬੱਚੇ ਯਾਦ ਦੇ ਬੱਲ ਨਾਲ ਵਿਸ਼ਵ ਨੂੰ ਪਰਿਵਰਤਨ ਕਰਦੇ ਹੋ। ਯਾਦ ਭਾਵ ਸ਼ਾਂਤੀ ਦੀ ਸ਼ਕਤੀ, ਇਸ ਨਾਲ ਵਿਅਕਤੀ ਵੀ ਬਦਲ ਜਾਣਗੇ ਅਤੇ ਪ੍ਰਕਿਰਤੀ ਵੀ ਬਦਲ ਜਾਏਗੀ।ਵਿਅਕਤੀਆਂ ਨੇ ਵੀ ਬਦਲਣਾ ਹੈ ਅਤੇ ਨਾਲ ਹੀ ਪ੍ਰਕਿਰਤੀ ਨੂੰ ਵੀ ਬਦਲਣਾ ਹੈ।ਪ੍ਰਕਿਰਤੀ ਨੂੰ ਮੁੱਖ ਦੁਆਰਾ ਤਾਂ ਪਾਠ ਨਹੀਂ ਪੜ੍ਹਾਉਂਗੇ। ਵਿਅਕਤੀਆਂ ਨੂੰ ਤਾਂ ਪਾਠ ਪੜ੍ਹਾ ਦਿੰਦੇ ਹੋ ਲੇਕਿਨ ਪ੍ਰਕਿਰਤੀ ਨੂੰ ਤਾਂ ਯੋਗਬਲ ਨਾਲ ਹੀ ਬਦਲੋਗੇ।

18. ਤੁਹਾਡੇ ਅੰਦਰ ਕੇਵਲ ਇਕ ਹੀ ਸੰਕਲਪ ਹੋਵੇ "ਬਾਪ ਅਤੇ ਆਪ" ਇਸੇ ਨੂੰ ਯੋਗ ਆਖਦੇ ਹਨ। ਜਦੋਂ ਪਾਵਰਫੁਲ ਯੋਗ ਵਿਚ ਬੈਠੋਗੇ ਉਦੋਂ ਹੋਰ ਸਾਰੇ ਸੰਕਲਪ ਸ਼ਾਂਤ ਹੋ ਜਾਣਗੇ। ਬਾਪ ਦੇ ਮਿਲਣ ਦੀ ਅਨੁਭੂਤੀ ਤੋਂ ਸਿਵਾਏ ਹੋਰ ਸਾਰੇ ਸੰਕਲਪ ਸਮਾ ਜਾਣਗੇ। ਸੰਕਲਪਾਂ ਦਾ ਵਿਸਥਾਰ ਨਾ ਹੋਵੇ, ਫੁਲ ਸਟਾਪ ਕਹੋ ਫੁਲ ਸਟਾਪ ਹੋ ਜਾਏ, ਫੁਲ ਬ੍ਰੇਕ ਲਗੇ।ਐਸੀ ਕੰਟਰੋਲਿੰਗ ਪਾਵਰ ਹੋਵੇ।

19. ਆਪ ਦੀ ਭਾਵਨਾਵਾਂ ਦਾ ਫਲ ਵਿਸ਼ਵ ਦੀਆਂ ਆਤਮਾਵਾਂ ਦਾ ਪਰਿਵਰਤਨ ਕਰ ਰਿਹਾ ਹੈ ਅਤੇ ਅੱਗੇ ਚੱਲ ਕੇ ਪ੍ਰਕਿਰਤੀ ਸਮੇਤ ਸਾਰਾ ਪਰਿਵਰਤਨ ਹੋ ਜਾਵੇਗਾ। ਆਪ ਆਤਮਾਵਾਂ ਦੀ ਸ੍ਰੇਸ਼ਟ ਭਾਵਨਾ ਇਤਨਾ ਸ੍ਰੇਸ਼ਟ ਫਲ ਪ੍ਰਾਪਤ ਕਰਵਾਉਣ ਵਾਲੀ ਹੈ।

20. ਆਪ ਅਪਣੀ ਸ਼ੁੱਭ ਭਾਵਨਾ ਦਾ ਮਹੱਤਵ ਜਾਣਦੇ ਹੋ, ਆਪਣੀ ਸ਼ੁੱਭ ਭਾਵਨਾ ਨੂੰ ਸਧਾਰਨ ਤੌਰ ਤੇ ਕੰਮ ਵਿਚ ਲਗਾਉਂਦੇ ਚਲ ਰਹੇ ਹੋ ਜਾਂ ਮਹੱਤਵ ਜਾਣ ਕੇ ਚੱਲਦੇ ਹੋ ? ਦੁਨਿਆ ਵਾਲੇ ਵੀ ਸ਼ੁੱਭ ਭਾਵਨਾ ਸ਼ਬਦ ਬੋਲਦੇ ਹਨ ਲੇਕਿਨ ਆਪ ਦੀ ਸ਼ੁੱਭ ਭਾਵਨਾ ਸਿਰਫ ਸ਼ੁੱਭ ਨਹੀਂ ਲੇਕਿਨ ਸ਼ਕਤੀਸ਼ਾਲੀ ਵੀ ਹੈ ਕਿਉਂਕਿ ਆਪ ਸੰਗਮਯੁਗੀ ਸ੍ਰੇਸ਼ਟ ਆਤਮਾਵਾਂ ਹੋ। ਸੰਗਮਯੁਗ ਨੂੰ

ਡਰਾਮਾ ਅਨੁਸਾਰ ਪ੍ਰਤੱਖ ਫਲ ਪ੍ਰਾਪਤ ਹੋਣ ਦਾ ਵਰਦਾਨ ਹੈ। ਸਿਰਫ ਇਸ ਦੇ ਮਹੱਤਵ ਨੂੰ ਜਾਣਕੇ ਇਸ ਦਾ ਪ੍ਰਯੋਗ ਕਰੋ।

21. ਜਿਵੇਂ ਸਾਇੰਸ ਦੇ ਸਾਧਨ ਦੂਰ ਬੈਠੇ ਆਤਮਾਵਾਂ ਨੂੰ ਨੇੜੇ ਦਾ ਸੰਬੰਧ ਬਨਾਉਣ ਦੇ ਨਮਿਤ ਬਣਦੇ ਹਨ,ਆਪ ਦੀ ਆਵਾਜ਼ ਪਹੁੰਚ ਜਾਂਦੀ ਹੈ, ਆਪ ਦਾ ਸੰਦੇਸ਼ ਪਹੁੰਚ ਜਾਂਦਾ ਹੈ, ਦ੍ਰਿਸ਼ ਪਹੁੰਚ ਜਾਂਦਾ ਹੈ।ਜਦੋਂ ਸਾਇੰਸ ਦੀ ਸ਼ਕਤੀ ਅਲਪਕਾਲ ਲਈ ਨੇੜਤਾ ਦਾ ਫੱਲ ਦੇ ਸਕਦੀ ਹੈ ਤਾਂ ਆਪ ਦੇ ਸਾਇਲੈਂਸ ਦੀ ਸ਼ਕਤੀਸ਼ਾਲੀ ਸ਼ੁੱਭ ਭਾਵਨਾ ਦੂਰ ਬੈਠੇ ਵੀ ਫਲ ਨਹੀਂ ਦੇਵੇਗੀ ਸਿਰਫ ਇਸ ਵਾਸਤੇ ਸ਼ਾਂਤੀ ਦੀ ਸ਼ਕਤੀ ਜਮਾ ਕਰੋ।

22. ਸ਼ੁੱਭ ਭਾਵਨਾ ਭਾਵ ਸ਼ਕਤੀਸ਼ਾਲੀ ਸੰਕਲਪ।ਸਭ ਸ਼ਕਤੀਆਂ ਨਾਲੋਂ ਸੰਕਲਪ ਦੀ ਸ਼ਕਤੀ ਤੇਜ਼ ਹੈ। ਸਾਇੰਸ ਨੇ ਜਿੰਨੇ ਵੀ ਤੇਜ਼ ਗਤੀ ਵਾਲੇ ਸਾਧਨ ਬਣਾਏ ਹਨ ਉਹਨਾਂ ਸਭਨਾਂ ਨਾਲੋਂ ਸੰਕਲਪ ਦੀ ਗਤੀ ਤੇਜ਼ ਹੈ।ਆਪ ਮਾਸਟਰ ਵਿਸ਼ਵ ਕਲਿਆਣਕਾਰੀ ਆਤਮਾਵਾਂ ਦੀ ਇਹ ਸੂਖਮ ਇੱਛਾ ਸੇਵਾ ਪ੍ਰਤੱਖ ਰੂਪ ਵਿਚ ਅਨੁਭਵ ਕਰਾਏਗੀ। ਇਸ ਵਿਚ ਸਮਾਂ ਵੀ ਘੱਟ,ਸਾਧਨ ਵੀ ਘੱਟ, ਧਨ ਵੀ ਘੱਟ ਲਗੇਗਾ। ਇਸ ਲਈ ਸਿਰਫ ਮਨ ਅਤੇ ਬੁੱਧੀ ਸਦਾ ਫਰੀ ਚਾਹੀਦੀ ਹੈ।ਵਿਸ਼ੇਸ ਅਟੈਂਨਸ਼ਨ ਹੋਵੇ–"ਇਕਾਂਤ ਅਤੇ ਇਕਾਗਰਤਾ"

23. ਇਕਾਂਤ ਪਸੰਦ ਆਤਮਾ ਐਸੀ ਸ਼ਕਤੀਸ਼ਾਲੀ ਬਣ ਜਾਂਦੀ ਹੈ ਜੋ ਆਪਣੀ ਸੂਖਮ ਸ਼ਕਤੀਆਂ-ਮਨ,ਬੁੱਧੀ ਨੂੰ ਜਿਸ ਸਮੇਂ ਚਾਹੇ, ਜਿਥੇ ਚਾਹੇ ਇਕਾਗਰ ਕਰਕੇ ਕਮਾਲ ਦੇ ਕੰਮ ਕਰ ਸਕਦੀ ਹੈ। ਆਪ ਪ੍ਰਕਿਰਤੀ ਦੇ ਵੀ ਮਾਲਿਕ ਹੋ, ਆਪ ਦੇ ਪਰਿਵਰਤਨ ਨਾਲ ਪ੍ਰਕਿਰਤੀ ਦਾ ਪਰਿਵਰਤਨ ਹੋਣਾ ਹੈ।ਇਸ ਸਮੇਂ ਆਪ ਸਤੋਪ੍ਰਧਾਨ ਬਣ ਰਹੇ ਹੋ ਤਾਂ ਪ੍ਰਕਿਰਤੀ ਵੀ ਤਮੋ ਤੋਂ ਸਤੋ ਵਿਚ ਪਰਿਵਰਤਨ ਹੋ ਰਹੀ ਹੈ ।ਇਸ ਨਸ਼ੇ ਅਤੇ ਸ਼ੁੱਭ ਭਾਵਨਾ ਦੇ ਸੰਕਲਪ ਦੁਆਰਾ ਯੋਗ ਦਾ ਪ੍ਰਯੋਗ ਕਰੋ।

ਪ੍ਰਾਚੀਨ ਯੋਗਿਕ ਖੇਤੀ-ਯੋਜਨਾ ਦੀ ਜ਼ਰੂਰਤ

ਸੰਸਾਰ ਵਿਚ ਹਰ ਇਕ ਮਨੁੱਖ ਚਾਹੁੰਦਾ ਹੈ ਕਿ ਮੇਰਾ ਜੀਵਨ ਸਾਤਵਿਕ ਹੋਵੇ, ਮੈਂ ਵਧੀਆ ਕੰਮ ਕਰਾਂ, ਮਹਾਨ ਬਣਾਂ ਅਤੇ ਮੇਰੇ ਜੀਵਨ ਅੰਦਰ ਸ਼ਾਂਤੀ ਬਣੀ ਰਹੇ।ਪ੍ਰਭੂ ਇੱਛਾ ਹੋਣਾ ਇਕ ਗੱਲ ਹੈ ਅਤੇ ਉਸ ਇੱਛਾ ਨੂੰ ਅਮਲੀ ਜਾਮਾ ਪਹਿਨਾਣ ਲਈ ਮਿਹਨਤ ਕਰਨਾ ਦੂਜੀ ਗੱਲ ਹੈ। ਦੇਖਣ ਵਿਚ ਆਇਆ ਹੈ ਕਿ ਲੋਕ ਚਾਹੁੰਦੇ ਕੁਝ ਹੋਰ ਹਨ ਅਤੇ ਕਰਦੇ ਕੁੱਝ ਹੋਰ ਹਨ। ਚਾਹੁੰਦੇ ਹਨ ਸ਼ਾਂਤੀ, ਪ੍ਰੰਤੂ ਪ੍ਰਸਥਿਤੀ ਵਸ਼, ਸੰਸਕਾਰ ਵਸ ਕਰਮ ਐਸੇ ਕਰ ਲੈਂਦੇ ਹਨ ਜਿਸ ਕਾਰਨ ਉਸਦੇ ਆਪਣੇ ਅਤੇ ਦੂਸਰੇ ਲੋਕਾਂ ਦੇ ਜੀਵਨ ਵਿਚ ਅਸ਼ਾਂਤੀ ਪੈਦਾ ਹੋ ਜਾਂਦੀ ਹੈ। ਚਾਹੁੰਦੇ ਹਨ ਸਨੇਹ ਅਤੇ ਪ੍ਰੇਮ ਲੇਕਿਨ ਕੰਮ ਅਜਿਹਾ ਕਰ ਲੈਂਦੇ ਹਨ ਜਿਸ ਨਾਲ ਗਲਤਫਹਿਮੀ,ਮਨਮੁਟਾਵ, ਸੰਘਰਸ਼ ਅਤੇ ਨਫਰਤ ਵਿਚ ਵਾਧਾ ਹੋ ਜਾਂਦਾ ਹੈ। ਚਾਹੁੰਦੇ ਹਨ ਕਿ ਸਿਹਤ ਚੰਗੀ ਹੋਵੇ ਲੇਕਿਨ ਸਾਤਵਿਕ ਅੰਨ ਦੀ ਕਮੀ ਹੋਣ ਕਾਰਣ ਸਰੀਰ ਅੰਦਰ ਸਿਹਤ ਨਾਸ਼ਕ, ਰੋਗ ਉਤਪਾਦਿਕ ਅਤੇ ਉਤੇਜਨਾ ਪੈਦਾ ਕਰਨ ਵਾਲੇ ਜ਼ਹਿਰੀਲੇ ਤੱਤ ਜਮਾ ਹੋਣ ਲਗ ਜਾਂਦੇ ਹਨ, ਜੋ ਨਾ ਕੇਵਲ ਸਰੀਰ ਲਈ ਨੁਕਸਾਨਦੇਹ ਹੁੰਦੇ ਹਨ ਬਲਕਿ ਮਾਨਸਿਕ ਸੰਤੁਲਨ ਨੂੰ ਵੀ ਵਿਗਾੜਦੇ ਹਨ, ਨਿਰਣੇਸ਼ਕਤੀ ਨੂੰ ਮੰਦ ਕਰ ਦਿੰਦੇ ਹਨ, ਮਾਨਸਿਕ ਵਹਾਅ ਬੇਕਾਬੂ ਹੋ ਜਾਂਦਾ ਹੈ, ਸੰਤੁਲਨ ਵਿਗੜ ਜਾਂਦਾ ਹੈ ਅਤੇ ਮਰਿਆਦਾ ਦਿਸ਼ਾ ਹੀਨ ਹੋ ਜਾਂਦੀ ਹੈ। ਇਸਲਈ ਮਨੁੱਖ ਦੇ ਆਹਾਰ ਦਾ ਉਸਦੇ ਆਚਰਣ,ਵਿਚਾਰਾਂ ਅਤੇ ਵਿਵਹਾਰ ਨਾਲ ਡੂੰਘਾ ਸੰਬੰਧ ਹੈ।

ਪ੍ਰਾਚੀਨ ਕਾਲ ਤੋਂ ਹੀ ਇਹ ਆਖਿਆ ਜਾ ਰਿਹਾ ਹੈ ਕਿ ਅੰਨ ਦਾ ਮਨ ਉੱਤੇ ਪ੍ਰਭਾਵ ਪੈਂਦਾ ਹੈ ਅਤੇ ਮਨ ਦਾ ਸਿਹਤ ਅਤੇ ਰੋਗਾਂ ਨਾਲ ਡੂੰਘਾ ਸੰਬੰਧ ਹੈ। ਕਿਹਾ ਜਾਂਦਾ ਹੈ “ਜੈਸਾ ਅੰਨ ਵੈਸਾ ਮਨ, ਜੈਸਾ ਮਨ ਵੈਸਾ ਤਨ”। ਇਸ ਲਈ ਤਨਾਓਮੁਕਤ, ਨਸ਼ਾਮੁਕਤ,ਚਰਿਤਰਵਾਨ ਜੀਵਨ ਜੀਉਣ ਲਈ ਭੋਜਨ ਦਾ ਬੇਹੱਦ ਮਹੱਤਵ ਹੈ। ਸਾਰੇ ਲੋਕਾਂ ਦਾ ਉੱਦੇਸ਼ ਇਹੋ ਹੈ ਕਿ ਅਸੀਂ ਸ਼ਾਂਤ, ਸੀਤਲ ਅਤੇ ਸਾਤਵਿਕ ਵਿਰਤੀ ਧਾਰਣ ਕਰਕੇ ਸੁਖਮਈ, ਅਨੰਦਮਈ ਜੀਵਨ ਜੀਵੀਏ, ਪ੍ਰੰਤੂ ਇਸ ਨਿਸ਼ਾਨੇ ਤੇ ਪੁੱਜਣ ਲਈ ਮਨ ਨੂੰ ਵੱਸ ਵਿੱਚ ਕਰਨਾ ਜਰੂਰੀ ਹੈ। ਮਨ ਨੂੰ ਵੱਸ ਕਰਨ ਵਾਸਤੇ ਸਾਨੂੰ ਅੰਨ ਦੇ ਪਰਹੇਜ਼ ਵੱਲ ਧਿਆਨ ਦੇਣਾ ਬਹੁਤ ਜ਼ਰੂਰੀ ਹੈ।

ਅਨਾਜ ਦਾ ਉਤਪਾਦਨ ਕਿਸ ਵਿਧੀ ਨਾਲ ਹੋਵੇ ਇਸ ਤੇ ਵਿਚਾਰ ਕਰਨਾ ਆਵੱਸ਼ਕ ਹੈ।ਵਿਸ਼ਵ ਭਰ ਵਿਚ ਖੇਤੀ ਰਾਹੀਂ ਅਨਾਜ ਸਬਜ਼ੀਆਂ, ਫਲ ਆਦਿ ਦੀ ਪੈਦਾਵਾਰ ਲਈ ਬਹੁਤ ਸਾਰੇ ਢੰਗ, ਤਰੀਕੇ ਵਰਤੇ ਜਾਂਦੇ ਹਨ, ਜਿਵੇਂ ਕਿ:-

1. ਪ੍ਰਾਕਿਰਤਕ ਖੇਤੀ ਪ੍ਰਣਾਲੀ :

ਇਸ ਵਿਚ ਜਮੀਨ ਦੀ ਵਹਾਈ ਨਹੀਂ ਕੀਤੀ ਜਾਂਦੀ,ਹਲ੍ਹ ਨਹੀਂ ਚਲਾਇਆ ਜਾਂਦਾ ਹੈ।ਕਿਸੀ

ਵੀ ਪ੍ਰਕਾਰ ਦੀ ਖਾਦ ਬਾਹਰੋਂ ਲਿਆ ਕੇ ਨਹੀਂ ਪਾਈ ਜਾਂਦੀ ਨਦੀਨ ਜਾਂ ਘਾਹ ਆਦਿ ਕੱਢਣ ਵਾਸਤੇ ਕੋਈ ਹਥਿਆਰ ਜਾਂ ਦਵਾਈਆਂ ਆਦਿ ਦਾ ਇਸਤੇਮਾਲ ਨਹੀਂ ਕੀਤਾ ਜਾਂਦਾ ਹੈ। ਫਸਲ ਵਿਚੋਂ ਅਨਾਜ ਕੱਢ ਲੈਣ ਤੋਂ ਬਾਅਦ ਜੋ ਰਹਿੰਦ ਖੂੰਦ ਬਚਦਾ ਹੈ ਉਸ ਨੂੰ ਜਮੀਨ ਉੱਤੇ ਹੀ ਵਿਛਾ ਦਿੱਤਾ ਜਾਂਦਾ ਹੈ ਅਤੇ ਦਾਲਾਂ ਦੀ ਫਸਲ ਜਿਵੇਂ ਮੂੰਗੀ, ਮਾਂਹ,ਮੂੰਗਫਲੀ, ਸੋਇਆਬੀਨ ਆਦਿ ਬੀਜਦੇ ਹਨ।

2. ਸਜੀਵ ਖੇਤੀ ਪ੍ਰਣਾਲੀ :

ਜਮੀਨ ਦੀ ਉਪਜਾਊ ਸ਼ਕਤੀ ਅਤੇ ਫਸਲ ਦਾ ਝਾੜ ਵਧਾਉਣ ਲਈ ਥੋੜੇ ਸਮੇਂ ਵਿਚ ਗਲ-ਸੜ ਜਾਣ ਵਾਲੇ ਪਦਾਰਥ ਜੋ ਹਨ ਉਹਨਾਂ ਵਿਚ ਮਿਲਾ ਦਿੰਦੇ ਹਨ ਜਾਂ ਫਿਰ ਉੱਪਰ ਵਿਛਾ ਕੇ ਹਲ ਚਲਾ ਕੇ ਜ਼ਮੀਨ ਵਿਚ ਵਾਹ ਦਿੰਦੇ ਹਨ। ਕੰਪੋਜ਼ਟ ਖਾਦ, ਗੰਡੋਆ ਖਾਦ, ਹਰੀ ਖਾਦ, ਸਜੀਵ ਖਾਦ ਵਗੈਰਾ ਦਾ ਇਸਤੇਮਾਲ ਕਰਦੇ ਹਨ। ਕੁਝ ਪੇੜ ਪੌਦਿਆਂ ਨੂੰ ਉਗਾਣਾ ਵੀ ਜ਼ਰੂਰੀ ਹੈ। ਕੁਦਰਤ ਦੇ ਨਿਯਮ ਅਨੁਸਾਰ ਚਲ ਕੇ ਪੈਦਾਵਾਰ ਕਰਦੇ ਹਨ। ਜੈਵਿਕ ਕੀਟਨਾਸ਼ਕ ਦੀ ਵਰਤੋਂ ਕਰਦੇ ਹਨ।

3. ਜੈਵਿਕ ਖੇਤੀ ਪ੍ਰਣਾਲੀ :

ਸਜੀਵ ਖੇਤੀ ਪ੍ਰਣਾਲੀ ਅਤੇ ਜੈਵਿਕ ਖੇਤੀ ਪ੍ਰਣਾਲੀ ਵਿਚਕਾਰ ਬਹੁਤਾ ਅੰਤਰ ਨਹੀਂ ਹੈ। ਜ਼ਮੀਨ ਵਿਚ ਅਨੇਕ ਪ੍ਰਕਾਰ ਦੇ ਜੀਵਾਣੂ ਹੁੰਦੇ ਹਨ ਉਹਨਾਂ ਵਿਚੋਂ ਕੁਝ ਇਕ ਨੂੰ ਪਾਲ-ਪੋਸ਼ ਕੇ ਤਿਆਰ ਕੀਤਾ ਜਾਂਦਾ ਹੈ ਜਿਵੇਂ ਕਿ ਨਾਇਟ੍ਰੋਜਨ ਸਾਂਭਣ ਵਾਲੇ ਜੀਵਾਣੂ ਸਫੂਰਦ ਦੀ ਉਪਲਭਤਾ ਕਰਵਾਉਣ ਵਾਲੇ ਜੀਵਾਣੂ, ਸਜੀਵ ਪਦਾਰਥਾਂ ਨੂੰ ਭੰਨਣ ਵਾਲੇ ਜੀਵਾਣੂ, ਉੱਲੀਨਾਸ਼ਕ ਜੀਵਾਣੂ ਆਦਿ। ਫਸਲ ਨੂੰ ਜਿਸ ਵੇਲੇ ਜਿਹਨਾਂ ਕਿਟਾਣੂਆਂ ਦੀ ਲੋੜ ਹੁੰਦੀ ਹੈ ਉਹ ਜੀਵਾਣੂ ਜ਼ਮੀਨ ਵਿਚ ਮਿਲਾ ਦਿੱਤੇ ਜਾਂਦੇ ਹਨ।

4. ਰਸਾਇਣਕ ਖੇਤੀ ਪ੍ਰਣਾਲੀ :

ਇਸ ਖੇਤੀ ਪ੍ਰਣਾਲੀ ਵਿਚ ਜ਼ਮੀਨ ਅੰਦਰ ਰਸਾਇਣਕ ਖਾਦ ਪਾਈ ਜਾਂਦੀ ਹੈ। ਦਵਾਈਆਂ ਪਾ ਕੇ ਨਦੀਨ ਨਸ਼ਟ ਕਰਦੇ ਹਨ। ਜ਼ਹਰੀਲੀ ਦਵਾਈਆਂ ਦੀ ਵਰਤੋਂ ਕਰਕੇ ਕੀੜੇ ਅਤੇ ਰੋਗਾਂ ਨੂੰ ਕੰਟਰੋਲ ਕਰਦੇ ਹਨ ਜਿਸ ਕਾਰਣ ਕੁਦਰਤੀ ਨਿਯਮਾਂ ਦੀ ਉਲੰਘਨਾ ਹੁੰਦੀ ਹੈ।

5. ਪ੍ਰਾਚੀਨ ਯੋਗਿਕ ਖੇਤੀ ਪ੍ਰਣਾਲੀ :

ਯੋਗ ਦੀ ਵਿਧੀ ਨਾਲ ਪਰਮਾਤਮ ਸ਼ਕਤੀ ਤੇ ਸ੍ਰੇਸ਼ਟ ਸੰਕਲਪਾਂ ਦੀਆਂ ਤਰੰਗਾਂ ਦੁਆਰਾ ਕੁਦਰਤੀ ਸਾਧਨ ਅਤੇ ਵਸਤੂਆਂ ਦਾ ਗੁਣਾਤਮਕ ਦਰਜਾ ਵਧਾ ਕੇ ਪੈਦਾਵਾਰ ਵਿਚ ਵਾਧਾ ਕੀਤਾ ਜਾਂਦਾ ਹੈ। ਇਸ ਪ੍ਰਕਾਰ ਦੀ ਖੇਤੀ ਕਰਨ ਵਿਚ ਖਰਚਾ ਵੀ ਘੱਟ ਲਗਦਾ ਹੈ ਅਤੇ ਮਿਹਨਤ ਵੀ ਘੱਟ ਲਗਦੀ ਹੈ। ਪ੍ਰਕਿਰਤੀ ਸੁਖਦਾਈ ਅਤੇ ਵਾਤਾਵਰਣ ਸ਼ੁੱਧ ਬਣਦਾ ਹੈ। ਅਨਾਜ ਵੀ ਸਾਤਵਿਕ ਅਤੇ ਵੱਧ ਤਾਕਤ ਦੇਣ ਵਾਲਾ ਮਿਲਦਾ ਹੈ।

ਅੱਜ ਸਮੁੱਚੇ ਵਿਸ਼ਵ ਅੰਦਰ ਅਨਾਜ ਦੀ ਪੈਦਾਵਾਰ ਵਧਾਉਣ ਲਈ ਰਸਾਇਣਕ ਖਾਦ ਅਤੇ

ਕੀਟਨਾਸ਼ਕਾਂ ਦਾ ਵੱਧ ਤੋਂ ਵੱਧ ਪ੍ਰਯੋਗ ਹੋ ਰਿਹਾ ਹੈ। ਜਿਸ ਦੇ ਅਨੇਕਾਂ ਅਨੇਕ ਦੁਸ਼ ਪ੍ਰਣਾਮ ਦਿਖਾਈ ਦੇ ਰਹੇ ਹਨ। ਰਸਾਇਣਕ ਖਾਦ ਅਤੇ ਕੀਟਨਾਸ਼ਕਾਂ ਦੀ ਅੰਧਾ ਧੁੰਦ ਵਰਤੋਂ ਨਾਲ ਵਾਤਾਵਰਣ ਦਾ ਸੰਤੁਲਨ ਵਿਗੜਦਾ ਜਾ ਰਿਹਾ ਹੈ, ਪ੍ਰਦੂਸ਼ਨ ਵੱਧ ਰਿਹਾ ਹੈ। ਫਸਲਾਂ ਦੀ ਰੋਗ ਨਿਰੋਧਕ ਸ਼ਕਤੀ ਘੱਟ ਰਹੀ ਹੈ, ਅਨਾਜ ਦੀ ਪੌਸ਼ਟਿਕਤਾ ਖਤਮ ਹੋ ਰਹੀ ਹੈ, ਜ਼ਮੀਨ ਦੀ ਉਪਜਾਊ ਸ਼ਕਤੀ ਘੱਟ ਰਹੀ ਹੈ। ਅਨਾਜ ਦੀ ਪੌਸ਼ਟਿਕਤਾ ਘੱਟ ਜਾਣ ਨਾਲ ਅਤੇ ਜ਼ਹਿਰੀਲੇ ਤੱਤ ਸਰੀਰ ਵਿਚ ਦਾਖਲ ਹੋ ਜਾਣ ਨਾਲ ਸਰੀਰ ਦੀ ਰੋਗ ਨਿਰੋਧਕ ਸ਼ਕਤੀ ਵੀ ਘੱਟ ਹੋ ਗਈ ਹੈ ਅਤੇ ਅਨੇਕ ਬੀਮਾਰੀਆਂ ਵੱਧ ਰਹੀਆਂ ਹਨ।

ਰਸਾਇਣਕ ਖਾਦ ਅਤੇ ਕੀਟਨਾਸ਼ਕ ਦਵਾਈਆਂ ਦਾ ਪ੍ਰਯੋਗ ਕਰਨ ਨਾਲ ਪੱਤਿਆਂ ਵਿਚ ਰੇਸ਼ਿਆਂ ਦੀ ਰਚਨਾ ਵਿਗੜ ਜਾਂਦੀ ਹੈ, ਬਨਸਪਤੀ ਦੇ ਅੰਦਰ ਊਰਜਾ ਦੀ ਗਤੀ ਘਟ ਹੋ ਜਾਂਦੀ ਹੈ ਅਤੇ ਕਈ ਪ੍ਰਕਾਰ ਦੇ ਰੋਗ ਉਤਪੰਨ ਹੋ ਜਾਂਦੇ ਹਨ। ਅਜਿਹੀ ਬਨਸਪਤੀ ਤੇ ਗੁਜ਼ਾਰਾ ਕਰਨ ਵਾਲੇ ਜੀਵ ਪ੍ਰਾਣੀ ਅਤੇ ਮਨੁੱਖਾਂ ਨੂੰ ਲਾਇਲਾਜ ਬੀਮਾਰੀਆਂ ਲਗ ਰਹੀਆਂ ਹਨ। ਜ਼ਮੀਨ ਅੰਦਰ ਨਵੇਂ-ਨਵੇਂ ਕਿਸਮਾਂ ਦੇ ਘਾਹ-ਫੂਸ ਅਤੇ ਨਦੀਨ ਉਗ ਰਹੇ ਹਨ, ਜਿਸ ਦੀ ਵਜ੍ਹਾ ਕਰਕੇ ਅਨਾਜ ਦਾ ਝਾੜ ਘੱਟ ਰਿਹਾ ਹੈ। ਸਿੱਟੇ ਵਜੋਂ ਕਿਸਾਨਾਂ ਦੇ ਜੀਵਨ ਵਿਚ ਦੁੱਖ, ਅਸ਼ਾਂਤੀ, ਤਨਾਅ, ਦਬਾਅ ਆਦਿ ਫੈਲ ਰਿਹਾ ਹੈ, ਮਾਨਸਿਕ ਸੰਤੁਲਨ ਬਿਗੜਦਾ ਜਾ ਰਿਹਾ ਹੈ, ਜਿਸ ਕਾਰਨ ਅਨੇਕ ਸਰੀਰਕ ਅਤੇ ਮਾਨਸਿਕ ਬੀਮਾਰੀਆਂ ਪੈਦਾ ਹੋ ਰਹੀਆਂ ਹਨ। ਕਈ ਵਾਰ ਕਿਸਾਨ ਖੁਦਕੁਸ਼ੀ ਕਰਨ ਵਾਸਤੇ ਵੀ ਮਜਬੂਰ ਹੋ ਜਾਂਦੇ ਹਨ।

ਰਸਾਇਣਕ ਖਾਦ ਅਤੇ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਨਾਲ ਹੋਣ ਵਾਲੀਆਂ ਬੀਮਾਰੀਆਂ

ਇਸ ਖੇਤਰ ਵਿਚ ਸੋਧ ਕਰਨ ਵਾਲੇ ਅਤੇ ਹੋਰ ਜਾਣਕਾਰਾਂ ਦੁਆਰਾ ਇਹ ਦੱਸਿਆ ਗਿਆ ਹੈ ਕਿ ਭਾਰਤ ਵਿਚ ਰਹਿਣ ਵਾਲੇ ਹਰ ਵਿਅਕਤੀ ਦੇ ਪੇਟ ਅੰਦਰ ਲਗਭਗ ਇਕ ਇਕ ਮਿਲੀਗ੍ਰਾਮ ਡੀ.ਡੀ.ਟੀ; ਬੀ.ਐਚ.ਸੀ. ਵਰਗੀ ਕੀਟ-ਨਾਸ਼ਕ ਦਵਾਈਆਂ ਦਾ ਅੰਸ਼ ਜਾਂਦਾ ਹੈ, ਇਸ ਦੇ ਪ੍ਰਣਾਮ ਸਰੂਪ ਬ੍ਰੇਨ,ਕਿਡਨੀ ਜਿਹੇ ਨਾਜ਼ਕ ਅੰਗਾਂ ਅੰਦਰ ਬੜੇ ਪੈਮਾਨੇ ਤੇ ਖਰਾਬੀਆਂ ਪੈਦਾ ਹੋ ਰਹੀਆਂ ਹਨ, ਕੈਂਸਰ ਜੈਸੀ ਬੀਮਾਰੀਆਂ ਵੀ ਦਿਨੋ-ਦਿਨ ਵੱਧ ਰਹੀਆਂ ਹਨ।

ਡਾ. ਪ੍ਰਕਾਸ਼ਚੰਦਰ ਨਾਮਕ ਵਿਗਿਆਨੀ ਨੇ ਇਹ ਸਪਸ਼ਟ ਕੀਤਾ ਹੈ ਕਿ ਐਸੀ ਬੀਮਾਰੀਆਂ ਭਾਰਤ ਦੇ ਲੱਖਾਂ ਲੋਕਾਂ ਅੰਦਰ ਫੈਲ ਰਹੀਆਂ ਹਨ।ਅੰਤਰ- ਰਾਸ਼ਟਰੀ ਸੰਗਠਨ ਦੁਆਰਾ ਵੀ ਅਜਿਹੇ ਖਤਰੇ ਦੀ ਚੇਤਾਵਨੀ ਪਹਿਲੋ ਹੀ ਜਾਰੀ ਕੀਤੀ ਹੋਈ ਹੈ।

ਲਖਨਊ ਸਥਿਤ "ਕਿੰਗ ਜਾਰਜ ਮੈਡੀਕਲ ਕਾਲਜ ਅਤੇ ਟੈਕਸੀਕੋਲਾਜੀ ਰਿਸਰਚ ਸੈਂਟਰ ਵਲੋਂ ਡੀ.ਡੀ.ਟੀ; ਅਤੇ ਮੈਲਾਥੀਯਾਨ ਜੈਸੀ ਜ਼ਹਰੀਲੀ ਕੀਟਨਾਸ਼ਕ ਦਵਾਈਆਂ ਛਿੜਕਣੇ ਵਾਲੇ

ਵਿਅਕਤੀਆਂ ਦੀ ਜਦੋਂ ਜਾਂਚ ਕੀਤੀ ਗਈ ਤਾਂ ਵੇਖਣ ਵਿਚ ਆਇਆ ਕਿ 50 ਫੀ ਸਦੀ ਤੋਂ ਵੀ ਵੱਧ ਲੋਕਾਂ ਵਿਚ ਸਿਰ ਦਰਦ, ਚਿੰਤਾ, ਅਨਿੰਦਰਾ, ਨਿਰਾਸ਼ਾ, ਵਿਸਮ੍ਰਤੀ, ਦ੍ਰਿਸ਼ਟੀਦੋਸ਼ ਆਦਿ ਬੀਮਾਰੀਆਂ ਦੀ ਮਾਤਰਾ ਵੱਧ ਗਈ ਸੀ।

ਹੈਦਰਾਬਾਦ ਸਥਿਤ ਇਕ ਹਸਪਤਾਲ ਦੇ ਪਰਸੂਤੀ ਵਾਰਡ ਤੋਂ ਪ੍ਰਾਪਤ ਜਾਣਕਾਰੀ ਤੋਂ ਇਹ ਸਪੱਸ਼ਟ ਹੋਇਆ ਕਿ ਬੇਵਕਤ ਪਰਸੂਤੀ ਅਤੇ ਗਰਭ ਵਿਚ ਭਰੂਣ ਦੀ ਮੌਤ ਹੋਣ ਦਾ ਸੰਬੰਧ ਜ਼ਹਿਰੀਲੇ ਕੀਟਨਾਸ਼ਕਾਂ ਨਾਲ ਹੈ। ਐਸੀ ਮਾਵਾਂ ਦੇ ਖ਼ੂਨ ਵਿਚ ਡੀ.ਡੀ.ਟੀ; ਅਤੇ ਬੀ.ਐਚ.ਸੀ. ਦੀ ਮਾਤ੍ਰਾ ਵੱਧ ਪਾਈ ਗਈ।

ਸੰਨ 1977 ਵਿਚ ਕਰਨਾਟਕ ਸੂਬੇ ਦੇ ਮਾਲਨਾਡ ਪਿੰਡ ਵਿਚ ਵਾਪਰੀ ਹੋਈ ਘਟਨਾ “ਹੰਡੀ ਗੋਡੂ ਸਿੰਡਰੋਮ” ਨਾਂ ਨਾਲ ਪ੍ਰਸਿਧ ਹੈ। ਉੱਥੇ ਧਾਨ ਦੀ ਖੇਤੀ ਵਿਚ ਵੱਡੇ ਪੱਧਰ ਤੇ ਪੈਸਟੀਸਾਈਡ ਦਾ ਇਸਤੇਮਾਲ ਕੀਤਾ ਸੀ। ਇਸ ਵਿਚੋਂ ਕੁਝ ਮਾਤਰਾ ਪਾਣੀ ਦੇ ਨਾਲ ਵੱਗਕੇ ਨੀਵੇਂ ਖੇਤਾਂ ਵਿਚ ਚਲੀ ਗਈ ਸੀ ਜਿਸ ਥਾਂ ਪਾਣੀ ਜਮਾ ਸੀ ਉਸ ਵਿਚ ਬਹੁਤ ਸਾਰੇ ਕੇਕੜੇ ਸੀ।ਉੱਥੇ ਕੰਮ ਕਰਦੇ ਕੁਝ ਮਜਦੂਰਾਂ ਨੇ ਉਹ ਕੇਕੜੇ ਫੜ ਕੇ ਖਾ ਲਿਤੇ ਜਿਸ ਨਾਲ ਕਰੀਬ 200 ਲੋਕਾਂ ਨੂੰ ਲਕਵਾ ਹੋ ਗਿਆ ।ਜਾਂਚ ਕਰਨ ਤੋਂ ਪਤਾ ਲੱਗਾ ਕਿ ਉਹਨਾਂ ਕੇਕੜਿਆਂ ਦੇ ਅੰਦਰ ਚਾਵਲ ਦੀ ਖੇਤੀ ਵਿਚ ਵਰਤੇ ਗਏ ਕੀਟ ਨਾਸ਼ਕ ਦੇ ਅੰਸ਼ ਸੀ ਜਿਸ ਕਾਰਨ ਸਾਰੇ ਲੋਕਾਂ ਨੂੰ ਇਕੱਠਾ ਹੀ ਲਕਵਾ ਹੋਇਆ ਸੀ।

“ਅਮੇਰੀਗੋ ਮਾਸਿਕਾ” ਇਟਲੀ ਦੇ ਰਸਾਇਣ ਵਿਗਿਆਨਿਕ ਨੇ ਕਿਹਾ ਹੈ ਕਿ ਖੇਤੀ ਵਿਚ ਇਸਤੇਮਾਲ ਕੀਤੀਆਂ ਜਾਣ ਵਾਲੀਆਂ ਕੀਟ ਨਾਸ਼ਕ, ਨਦੀਨ ਨਾਸ਼ਕ ਦਵਾਈਆਂ ਇੰਨੀਆਂ ਭਿਆਨਕ ਹਨ ਜੋ ਜੀਨਜ਼ ਵਿਚ ਬਦਲਾਵ ਕਰਨ ਵਾਲੀ ਅਣੂ-ਵਿਸਫੋਟਕ ਤੋਂ ਨਿਰਮਾਣ ਹੋਣ ਵਾਲੀ ਰੇਡੀਓ-ਐਕਟਿਵ ਪਦਾਰਥ ਦੇ ਸਮਾਨ ਹਨ। ਝੇਲਿਬ, ਫਲਤਾਨ, ਕਪਤਾਨ ਜੈਸੀ ਉੱਲੀ ਨਾਸ਼ਕ ਦਵਾਈਆਂ ਦੇ ਇਸਤੇਮਾਲ ਨਾਲ ਹਰ ਸਾਲ ਇੰਨਾ ਨੁਕਸਾਨ ਹੁੰਦਾ ਹੈ ਜਿੰਨਾ 14 ਮੈਗਾਟਨ ਦੇ ਹਾਈਡਰੋਜਨ ਬੰਬ ਗਿਰਨ ਨਾਲ ਹੁੰਦਾ ਹੈ।ਇਸਦੇ ਪ੍ਰਣਾਮ ਸਰੂਪ ਅਮਰੀਕਾ ਵਿਚ 15 ਫੀ ਸਦੀ ਬੱਚੇ ਮਾਨਸਿਕ ਵਿਕਲਾਂਗਤਾ ਨਾਲ ਜਨਮ ਲੈ ਰਹੇ ਹਨ।ਇਸ ਤੋਂ ਇਲਾਵਾ ਬਨਸਪਤੀ, ਜੀਵ ਜੰਤੂਆਂ ਅਤੇ ਜ਼ਮੀਨ ਅੰਦਰ ਜੋ ਬੀਮਾਰੀਆਂ ਅਤੇ ਪ੍ਰਦੂਸ਼ਨ ਵੱਧ ਰਿਹਾ ਹੈ ਉਸ ਦਾ ਅਸੀਂ ਅੰਦਾਜ਼ਾ ਵੀ ਨਹੀਂ ਲਾ ਸਕਦੇ ਇਹ ਕਿੰਨਾ ਭਿਆਨਕ ਹੈ।

ਕਲੋਰੀਨੇਟਿਡ, ਹਾਇਡਰੋਕਾਰਬਨ, ਡੀ.ਡੀ.ਟੀ; ਅਤੇ ਪੀ.ਸੀ.ਬੀ. ਦੁਆਰਾ ਅਮਰੀਕਾ ਦੇ ਜਵਾਨਾਂ ਵਿਚ ਨਿਪੁੰਨਸਕਤਾ ਦਾ ਪ੍ਰਭਾਵ ਵੱਧ ਰਿਹਾ ਹੈ।ਇਸ ਦੇ ਨਾਲ ਹਾਈ ਬਲੱਡ ਪਰੈਸ਼ਰ, ਹਾਰਟ ਅਟੈਕ, ਕੈਂਸਰ ਅਤੇ ਏਡਜ਼ ਵਰਗੀਆਂ ਬੀਮਾਰੀਆਂ ਦਾ ਵੀ ਮੂਲ ਸਰੋਤ ਰਸਾਇਣਕ ਖਾਦਾਂ ਅਤੇ ਕੀਟ ਨਾਸ਼ਕਾਂ ਦਾ ਗਲਤ ਪ੍ਰਯੋਗ ਹੀ ਹੈ।

ਕਰਮਾਂ ਦੀ ਗਹਿਰੀ ਗਤੀ

ਕਿਸਾਨ ਭਰਾ ਖੇਤੀ ਵਿਚ ਅਨਾਜ ਦੀ ਉਪਜ ਵਧਾਉਣ ਖਾਤਰ ਲੋਭਵਸ਼ ਰਸਾਇਣਕ ਖਾਦਾਂ ਪਾਉਂਦੇ ਹਨ ਅਤੇ ਕੀੜੇ ਮਕੌੜੇ ਦਾ ਹਮਲਾ ਹੋ ਜਾਣ ਬਾਅਦ ਕ੍ਰੋਧ ਵਿਚ ਆ ਕੇ ਬੁਰੀ ਭਾਵਨਾ ਨਾਲ ਕੀਟ ਨਾਸ਼ਕਾਂ ਦਾ ਛਿੜਕਾਵ ਕਰਦੇ ਹਨ। ਜਦ ਕੋਈ ਕੀੜਾ ਫਸਲ ਉੱਤੇ ਵਿਖਾਈ ਦਿੰਦਾ ਹੈ ਤਾਂ ਪਹਿਲਾਂ ਮਨ ਵਿਚ ਵਿਚਾਰ ਚਲਦਾ ਹੈ ਕਿ ਕੁਝ ਵੀ ਕਰਕੇ ਇਸ ਨੂੰ ਮਾਰ ਕੇ ਨਸ਼ਟ ਕਰਨਾ ਹੀ ਹੈ, ਨਹੀਂ ਤਾਂ ਨੁਕਸਾਨ ਹੋ ਜਾਵੇਗਾ। ਇਸ ਤਰ੍ਹਾਂ ਸੋਚ ਕੇ ਜਦ ਦਵਾਈਆਂ ਛਿੜਕਦੇ ਹਾਂ ਤਾਂ ਇਸ ਦਾ ਫਸਲ ਜਾਂ ਅਨਾਜ ਉੱਤੇ ਬੁਰਾ ਅਸਰ ਪੈਂਦਾ ਹੈ ਅਤੇ ਅਜਿਹਾ ਅਨਾਜ ਖਾਣ ਵਾਲਿਆਂ ਮਨੁੱਖਾਂ ਅੰਦਰ ਵੀ ਵੈਸੇ ਹੀ ਬੁਰੇ ਵਿਚਾਰ ਉਠਣ ਲਗਦੇ ਹੈ। ਥੋੜੀ ਵੀ ਕੋਈ ਤੰਗੀ ਹੁੰਦੀ ਹੈ ਤਾਂ ਉਹਨਾਂ ਨੂੰ ਗੁੱਸਾ ਆਉਂਦਾ ਹੈ, ਲੜਨਾ-ਝਗੜਨਾ ਚਾਲੂ ਕਰ ਦਿੰਦੇ ਹਨ।

ਰਸਾਇਣਕ ਖਾਦ ਦੇ ਗ਼ਲਤ ਪ੍ਰਯੋਗ ਕਾਰਨ ਜ਼ਮੀਨ ਵਿਚਲੇ ਕਈ ਸਾਰੇ ਮਿੱਤਰ ਜੀਵਾਣੂ ਮਾਰੇ ਜਾਂਦੇ ਹਨ, ਜਿਸ ਨਾਲ ਪ੍ਰਕਿਰਤੀ ਨੂੰ ਦੁੱਖ ਹੁੰਦਾ ਹੈ,ਕੁਦਰਤੀ ਨਿਯਮਾਂ ਦੀ ਉਲੰਘਣਾ ਹੁੰਦੀ ਹੈ ਅਤੇ ਕੀੜੇ ਤੜਫ ਤੜਫ ਕੇ ਮਰਦੇ ਹਨ, ਇਸ ਤਰ੍ਹਾਂ ਕੀੜਿਆਂ ਨੂੰ ਜ਼ਹਿਰ ਪਿਆ ਕੇ ਹੱਤਿਆ ਕਰਨਾ ਵੀ ਤਾਂ ਪਾਪ ਕਰਮ ਹੀ ਹੈ। ਦਰਅਸਲ ਕਿਸੇ ਵੀ ਪ੍ਰਕਾਰ ਦੇ ਕੀੜਿਆਂ ਨੂੰ ਮਾਰਨਾ ਜਾਂ ਨਸ਼ਟ ਕਰਨਾ, ਇਹ ਸਾਡਾ ਮਨੁੱਖ ਆਤਮਾਵਾਂ ਦਾ ਕੰਮ ਨਹੀਂ ਹੈ ਪ੍ਰੰਤੂ ਕੀੜੇ ਨੂੰ ਨਸ਼ਟ ਕਰਨ ਦੀ ਜ਼ਿੰਮੇਵਾਰੀ ਕੁਦਰਤ ਨੇ ਬਣਾ ਕੇ ਰੱਖੀ ਹੋਈ ਹੈ ਭਾਵ ਕਈ ਹੋਰ ਕੀੜੇ ਹਨ ਜੋ ਉਹਨਾਂ ਨੂੰ ਖਾਕੇ ਆਪਣੀ ਜੀਵਨ ਚਲਾਉਂਦੇ ਹਨ।

ਕਰਮਾਂ ਦੀ ਗਹਰੀ ਗਤੀ ਤੇ ਵਿਚਾਰ ਕਰੀਏ ਤਾਂ ਇਹ ਪਤਾ ਲਗਦਾ ਹੈ ਕਿ ਸਾਡੇ ਜੀਵਨ ਵਿਚ ਜੋ ਵੀ ਮੁਸ਼ਕਿਲਾਂ ਜਾਂ ਪਰਸਥਿਤੀਆਂ ਆਉਂਦੀਆਂ ਹਨ ਉਹਨਾਂ ਦੇ ਪਿੱਛੇ ਇਕ ਹੀ ਕਾਰਨ ਹੈ ਅਤੇ ਉਹ ਕਾਰਨ ਹੈ ਸਾਡੇ ਆਪਣੇ ਹੀ ਕੀਤੇ ਹੋਏ ਬੁਰੇ ਕਰਮ। ਜੇਕਰ ਕੋਈ ਬੀਮਾਰੀ ਆਉਂਦੀ ਹੈ ਤਾਂ ਇਹ ਵੀ ਹਿਸਾਬ-ਕਿਤਾਬ ਹੈ ਭਾਵ ਅਸੀਂ ਪ੍ਰਕਿਰਤੀ ਦੇ ਨਿਯਮਾਂ ਵਿਚ ਰੁਕਾਵਟ ਪਾਈ ਹੈ ਅਤੇ ਪ੍ਰਕਿਰਤੀ ਨੂੰ ਦੁੱਖ ਦਿੱਤਾ ਹੈ।

ਮਹਾਂਭਾਰਤ ਵਿਚ ਇਕ ਕਹਾਣੀ ਹੈ ਕਿ ਜਦ ਭੀਸ਼ਮਪਿਤਾਮਾ ਜ਼ਖਮੀ ਹੋ ਕੇ ਮਰਨ ਬਿਸਤਰ ਤੇ ਲੇਟੇ ਹੋਏ ਸੀ ਤਦ ਉਸਨੇ ਸ੍ਰੀ ਕਿਸ਼ਨ ਜੀ ਤੋਂ ਪੁੱਛਿਆ ਕਿ ਮੈਂ ਐਸਾ ਕਿਹੜਾ ਬੁਰਾ ਕਰਮ ਕੀਤਾ ਸੀ ਜੋ ਮੈਨੂੰ ਤੀਰਾਂ ਦੇ ਬਿਸਤਰ ਉੱਤੇ ਸਰੀਰ ਛੱਡਣਾ ਪੈ ਰਿਹਾ ਹੈ? ਉਦੋਂ ਸ੍ਰੀ ਕ੍ਰਿਸ਼ਨ ਜੀ ਨੇ ਭੀਸ਼ਮ ਜੀ ਨੂੰ ਦੱਸਿਆ ਕਿ ਇਕ ਵਾਰੀ ਭੀਸ਼ਮ ਜੀ ਰੱਥ ਉੱਤੇ ਸਵਾਰ ਹੋ ਕੇ ਗੁਜਰ ਰਹੇ ਸੀ ਤਾਂ ਉਹਨਾਂ ਦੇ ਸਾਮ੍ਹਣੇ ਇਕ ਸੱਪ ਆਇਆ ਜਿਹੜਾ ਰੱਥ ਦੇ ਹੇਠ ਆ ਕੇ ਮਰਨ ਵਾਲਾ ਸੀ। ਉਸ ਸੱਪ ਨੂੰ ਮਰਨੇ ਤੋਂ ਬਚਾਣ ਲਈ ਭੀਸ਼ਮਪਿਤਾਮਾ ਜੀ ਨੇ ਉਠਾ ਕੇ ਇਕ ਪਾਸੇ ਸੁੱਟ ਦਿੱਤਾ ਅਤੇ ਭੀਸ਼ਮ ਜੀ ਅੱਗੇ ਚਲੇ ਗਏ। ਉਸ ਵੇਲੇ ਉਹ ਸੱਪ ਇਕ ਕੰਡਿਆਲੀ ਝਾੜੀ ਵਿਚ ਡਿੱਗ ਪਿਆ ਅਤੇ ਉਹ ਉੱਥੋਂ ਹਿਲ ਨਹੀਂ ਸਕਿਆ, ਚਲ

ਨਹੀਂ ਸਕਿਆ ਤੇ ਉਸਨੇ ਉੱਥੇ ਹੀ ਦਮ ਤੋੜ ਦਿੱਤਾ। ਸਿੱਟੇ ਵਜੋਂ ਭੀਸ਼ਮਪਿਤਾਮਾ ਨੂੰ ਵੀ ਅੰਤਮ ਸਮੇਂ ਇਸੇ ਤਰ੍ਹਾਂ ਸਰੀਰ ਛੱਡਣਾ ਪਿਆ।

ਇਸ ਕਹਾਣੀ ਨੂੰ ਸੁਣ ਕੇ ਕਰਮਾਂ ਦੀ ਗਹਿਰੀ ਗਤੀ ਇਹ ਸਮਝਾਉਂਦੀ ਹੈ ਕਿ ਵਰਤਮਾਨ ਸਮੇਂ ਬਹੁਤ ਸਾਰੇ ਲੋਕ ਆਖਦੇ ਹਨ ਕਿ ਅਸੀਂ ਆਪਣੇ ਜੀਵਨ ਵਿਚ ਬਹੁਤ ਚੰਗੇ ਕਰਮ ਕੀਤੇ,ਨੇਕ ਕਮਾਈ ਕੀਤੀ, ਅੱਜ ਤੱਕ ਕੋਈ ਵੀ ਬੁਰਾ ਕਰਮ ਨਹੀਂ ਕੀਤਾ, ਕਦੇ ਕਿਸੇ ਨੂੰ ਦੁੱਖ ਨਹੀਂ ਦਿੱਤਾ। ਲੇਕਿਨ ਅਜਿਹੇ ਵਿਅਕਤੀਆਂ ਦੇ ਜੀਵਨ ਅੰਦਰ ਵੀ ਅਜਿਹੀਆਂ ਕੁਝ ਘਟਨਾਵਾਂ ਆਉਂਦੀਆਂ ਹਨ ਜੋ ਉਹ ਲੋਕ ਵੀ ਦੁੱਖ, ਅਸ਼ਾਂਤੀ, ਤਨਾਅ ਮਹਿਸੂਸ ਕਰਦੇ ਹਨ। ਇਸ ਦਾ ਕਾਰਨ ਵੀ ਇਹੋ ਹੈ ਕਿ ਉਹਨਾਂ ਨੇ ਪਿਛਲੇ ਸਮੇਂ ਵਿਚ ਕੋਈ ਅਜਿਹੇ ਕਰਮ ਕੀਤੇ ਸੀ ਜਿਸ ਦਾ ਇਹ ਫਲ ਹੈ। ਚਾਹੇ ਕੋਈ ਵੀ ਬੀਮਾਰੀ ਹੋਵੇ ਜਾਂ ਸਮੱਸਿਆ, ਇਸਦੇ ਲਈ ਕਿਸੇ ਦੂਸਰੇ ਨੂੰ ਦੋਸ਼ੀ ਠਹਿਰਾਨ ਦੀ ਗੱਲ ਹੀ ਨਹੀਂ ਉੱਠਦੀ।

ਇਸ ਲਈ ਵਰਤਮਾਨ ਸਮੇਂ ਵਿੱਚ ਜੋ ਵੀ ਕਰਮ ਅਸੀਂ ਕਰ ਰਹੇ ਹਾਂ ਉਸ ਨਾਲ ਪ੍ਰਕਿਰਤੀ ਸਹਿਤ ਕਿਸੇ ਨੂੰ ਵੀ, ਜ਼ਰਾ ਵੀ,ਜਾਨੇ ਅਨਜਾਨੇ ਕੋਈ ਦੁੱਖ ਨਾ ਹੋਵੇ ਇਸ ਗੱਲ ਤੇ ਧਿਆਨ ਦੇਣ ਦੀ ਲੋੜ ਹੈ। ਕੁਦਰਤੀ ਨਿਯਮਾਂ ਨੂੰ ਥੋੜ੍ਹਾ ਵੀ ਭੰਗ ਕਰਨਾ ਮਨੁੱਖ ਦੇ ਅਧਿਕਾਰ ਵਿਚ ਨਹੀਂ ਹੈ, ਫਿਰ ਵੀ ਜੇਕਰ ਕੁਝ ਕਰਾਂਗੇ ਤਾਂ ਹਿਸਾਬ ਤਾਂ ਦੇਣਾ ਹੀ ਪਵੇਗਾ।

ਹੋਰ ਵੀ ਗਹਿਰਾਈ ਵਿਚ ਜਾ ਕੇ ਸੋਚਣ ਦੀ ਗੱਲ ਹੈ ਕਿ ਜਦੋਂ ਭੀਸ਼ਮ ਪਿਤਾਮਾ ਜੀ ਜ਼ਖਮੀ ਹੋ ਕੇ ਮਰਨ ਬਿਸਤਰ ਉੱਤੇ ਲੇਟੇ ਹੋਏ ਸੀ ਤਾਂ ਅਰਜਨ ਜੀ ਉਹਨਾਂ ਕੋਲ ਸਿੱਖਿਆ ਲੈਣ ਵਾਸਤੇ ਗਏ ਸੀ ਤਾਂ ਭੀਸ਼ਮ ਜੀ ਨੇ ਬੜੀ ਵੱਧੀਆ ਸਿੱਖਿਆ ਦਿੱਤੀ।ਉਸ ਵੇਲੇ ਅਰਜਨ ਨੇ ਪੁਛਿਆ ਕਿ ਜਦੋਂ ਦ੍ਰੋਪਦੀ ਦਾ ਚੀਰ-ਹਰਣ ਹੋ ਰਿਹਾ ਸੀ ਤਾਂ ਤੁਸੀਂ ਚੁੱਪ ਕਿਉਂ ਰਹੇ? ਉੱਤਰ ਵਿਚ ਭੀਸ਼ਮ ਪਿਤਾਮਾ ਜੀ ਨੇ ਕਿਹਾ ਕਿ ਮੈਂ ਕੌਰਵਾਂ ਦਾ ਅੰਨ ਖਾਇਆ ਸੀ, ਉਹੀ ਖੂਨ ਮੇਰੀ ਨਸਾਂ ਵਿਚ ਦੌੜ ਰਿਹਾ ਸੀ, ਹੁਣ ਤੁਹਾਡੇ ਤੀਰ ਲੱਗਣ ਨਾਲ ਉਹ ਖੂਨ ਨਿਕਲ ਗਿਆ ਅਤੇ ਅਸ਼ੁੱਧ ਅੰਨ ਦਾ ਪ੍ਰਭਾਵ ਖਤਮ ਹੋ ਗਿਆ ਹੈ।

ਇਸ ਕਹਾਣੀ ਵੱਲ ਝਾਤ ਮਾਰਦੇ ਹੋਏ ਇਹ ਵਿਚਾਰ ਆਉਂਦਾ ਹੈ ਕਿ ਅੱਜ ਜੋ ਵੀ ਗ਼ਲਤ ਕੰਮ ਸਾਡੀਆਂ ਅੱਖਾਂ ਦੇ ਸਾਹਮਣੇ ਹੋ ਰਹੇ ਹਨ ਉਹਨਾਂ ਨੂੰ ਵੇਖਦੇ ਹੋਏ ਵੀ ਅਸੀਂ ਚੁੱਪ ਬੈਠੇ ਰਹਿੰਦੇ ਹਾਂ।ਕੁਝ ਕਰਨਾ ਚਾਹੁੰਦੇ ਹਾਂ ਪਰ ਕਰ ਨਹੀ ਪਾ ਰਹੇ। ਇਸ ਦਾ ਕਾਰਨ ਵੀ ਇਹ ਹੈ ਕਿ ਅਸੀਂ ਐਸੇ ਅੰਨ ਦਾ ਸੇਵਨ ਕਰ ਰਹੇ ਹਾਂ ਜੋ ਸਾਡੇ ਚੰਗੇ ਵਿਚਾਰਾਂ ਨੂੰ ਅਮਲ ਵਿਚ ਨਹੀਂ ਆਉਣ ਦਿੰਦਾ, ਇਸ ਵਾਸਤੇ ਹੋਰ ਵੀ ਬੁਰਾਈਆਂ ਵੱਧ ਰਹੀਆਂ ਹਨ। ਸਿੱਟੇ ਵਜੋਂ ਅਸੀਂ ਜੋ ਚਾਹੁੰਦੇ ਹਾਂ ਕਿ ਸਾਡਾ ਜੀਵਨ ਸੁਖਮਈ,ਆਨੰਦਮਈ ਹੋਵੇ ਉਸ ਨਿਸ਼ਾਨੇ ਤਕ ਪਹੁੰਚਣ ਵਿਚ ਇਸ ਪ੍ਰਕਾਰ ਦੀ ਰੁਕਾਵਟ ਆ ਰਹੀ ਹੈ।

ਜੇਕਰ ਅਸੀਂ ਰਸਾਇਣਕ ਖਾਦ ਅਤੇ ਕੀਟਨਾਸ਼ਕਾਂ ਰਾਹੀਂ ਹੋਣ ਵਾਲੇ ਨੁਕਸਾਨ ਅਤੇ ਕਰਮਾਂ ਦੀ ਗਹਿਰੀ ਗਤੀ ਤੋਂ ਆਪਣੇ ਆਪ ਨੂੰ ਬਚਾ ਕੇ ਰੱਖਣਾ ਚਾਹੁੰਦੇ ਹਾਂ ਤਾਂ ਸਾਨੂੰ ਮੁੱਖ ਆਧਾਰ ਜਿਥੋਂ

ਵਿਗੜਿਆ ਹੈ ਉਥੋਂ ਹੀ ਸੁਧਾਰ ਕਰਨ ਦੀ ਲੋੜ ਹੈ। ਉਹ ਮੁੱਖ ਆਧਾਰ ਹੈ ਸਾਡੇ ਮਨ ਦੇ ਵਿਚਾਰ। ਹੁਣ ਅਸੀਂ ਕੁਦਰਤ ਤੋਂ ਦੂਰ ਹੋ ਕੇ ਬਣਾਵਟੀ ਜੀਵਨ ਅਪਣਾ ਰਹੇ ਹਾਂ ਅਤੇ ਕੁਦਰਤੀ ਨਿਯਮਾਂ ਨੂੰ ਤੋੜ ਦਿੱਤਾ ਹੈ। ਹੁਣ ਫੇਰ ਤੋਂ ਸਾਨੂੰ ਕੁਦਰਤ ਦੇ ਨਿਯਮਾਂ ਅਨੁਸਾਰ ਚਲਕੇ, ਵਿਗਿਆਨ ਦੇ ਆਧਾਰ ਤੇ ਕੁਦਰਤ ਭਾਵ ਪੰਜ ਤੱਤਾਂ ਸਮੇਤ, ਸਭ ਜੀਵ ਜੰਤੂਆਂ ਨਾਲ ਬਨਸਪਤੀ ਨਾਲ, ਪਸ਼ੂ-ਪੰਛੀਆਂ ਨਾਲ, ਜੀਵ ਪ੍ਰਾਣੀਆਂ ਨਾਲ ਸਨੇਹ ਅਤੇ ਪ੍ਰੇਮ ਦਾ ਰਿਸ਼ਤਾ ਜੋੜ ਕੇ ਜੀਵਨ ਨੂੰ ਸੁਖਮਈ ਬਨਾਉਣਾ ਹੈ। ਇਸ ਵਾਸਤੇ ਲੋੜ ਹੈ ਅਧਿਆਤਮਿਕ ਸ਼ਕਤੀਆਂ ਦੀ ਜੋ ਸਾਨੂੰ ਰਾਜਯੋਗ ਦੇ ਮਾਧਿਅਮ ਤੋਂ ਮਿਲਦੀਆਂ ਹਨ। ਇਸ “ਰਾਜਯੋਗ” ਦੇ ਮਾਧਿਅਮ ਤੋਂ ਮਿਲਣ ਵਾਲੀਆਂ ਸ਼ਕਤੀਆਂ ਦੇ ਆਧਾਰ ਤੇ ਅਸੀਂ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਵਧਾ ਸਕਦੇ ਹਾਂ, ਫਸਲ ਨੂੰ ਨਿਰੋਗੀ ਅਤੇ ਸ਼ਕਤੀਸ਼ਾਲੀ ਬਣਾ ਸਕਦੇ ਹਾਂ, ਕਈ ਪ੍ਰਕਾਰ ਦੇ ਕੀੜੇ ਅਤੇ ਰੋਗ ਵੀ ਕੰਟਰੋਲ ਕਰ ਸਕਦੇ ਹਾਂ ਅਤੇ ਅਨਾਜ ਨੂੰ ਸਾਤਵਿਕ ਬਣਾ ਸਕਦੇ ਹਾਂ।ਅਜਿਹੀ ਖੇਤੀ ਪ੍ਰਣਾਲੀ ਦਾ ਨਾਮ ਰੱਖਿਆ ਹੈ“ਪ੍ਰਾਚੀਨ ਯੋਗਿਕ ਖੇਤੀ”।

ਇਹ ਯੋਗ ਕੋਈ ਅਗਿਆਨ ਜਾਂ ਅੰਧਸ਼ਰਧਾ ਦੀ ਗੱਲ ਨਹੀਂ ਪ੍ਰੰਤੂ ਇਹ ਯੋਗ ਇਕ ਸੰਪੂਰਣ ਵਿਗਿਆਨ ਹੈ। ਇਸ ਯੋਗ ਵਿਚ ਮੰਤਰ, ਪ੍ਰਾਣਾਯਾਮ ਜਾਂ ਆਸਨਾਂ ਦੀ ਕੋਈ ਥਾਂ ਨਹੀਂ ਹੈ।ਇਹ ਯੋਗ ਇਕ ਅਤਿ ਪ੍ਰਾਚੀਨ ਪ੍ਰਣਾਲੀ ਹੈ। ਭਾਰਤ ਦੇ ਪ੍ਰਾਚੀਨ ਯੋਗ ਦੀ ਚਰਚਾ ਸਾਰੇ ਵਿਸ਼ਵ ਅੰਦਰ ਫੈਲੀ ਹੋਈ ਹੈ।ਫਿਰ ਵੀ ਅੱਜ ਸਾਰੇ ਵਿਸ਼ਵ ਵਿਚ ਇਸ ਯੋਗ ਵਿਦਿਆ ਦੀ ਘਾਟ ਅਤੇ ਅਧਿਆਤਮਕ ਸਮਝ ਨਾ ਹੋਣ ਕਰਕੇ ਹੀ ਬੇਚੈਨੀ, ਪ੍ਰੇਸ਼ਾਨੀ ਅਤੇ ਤਨਾਓ ਦਾ ਪ੍ਰਕੋਪ ਵੱਧ ਰਿਹਾ ਹੈ।ਮਨੁੱਖਤਾ ਦਾ ਭਵਿੱਖ, ਹਨੇਰੇ ਵਿੱਚ ਨਜ਼ਰ ਆ ਰਿਹਾ ਹੈ।

ਅਜੋਕੇ ਸਮੇਂ ਕਲਯੁੱਗ ਦੇ ਅੰਤਮ ਚਰਣ ਵਿਚ ਯੋਗੇਸ਼ਵਰ, ਗਿਆਨਸਾਗਰ, ਪਰਮਪਿਤਾ ਪਰਮਾਤਮਾ ਨੇ ਖੁੱਦ ਪ੍ਰਜਾਪਿਤਾ ਬ੍ਰਹਮਾ ਦੇ ਮੁਖਾਰਬਿੰਦ ਤੋਂ ਸਤ ਭਾਵ ਸੰਪੂਰਨ ਯੋਗ ਸਿਖਾਇਆ ਹੈ ਜਿਸ ਨੂੰ “ਰਾਜਯੋਗ” ਦਾ ਨਾਮ ਦਿੱਤਾ ਹੈ। ਇਸ ਆਧੁਨਿਕ ਯੁਗ ਵਿਚ ਰਾਜਯੋਗ ਦੀ ਬਹੁਤ ਹੀ ਲੋੜ ਹੈ। ਇਹ ਯੋਗ ਹੀ ਇਕ ਮਾਤਰ ਸਾਧਨ ਹੈ ਜਿਸ ਨਾਲ ਮਾਨਸਿਕ ਤਨਾਅ ਦੂਰ ਹੁੰਦਾ ਹੈ ਅਤੇ ਤਨ-ਮਨ ਨੂੰ ਸੁੱਖ ਸ਼ਾਂਤੀ ਅਤੇ ਸ਼ਕਤੀ ਦੀ ਪ੍ਰਾਪਤੀ ਹੁੰਦੀ ਹੈ। ਇਹ ਰਾਜਯੋਗ ਮਨੁੱਖ ਨੂੰ ਕਰਮਕੁਸ਼ਲ ਬਨਾਉਂਦਾ ਹੈ ਅਤੇ ਕਲਿਜੁਗ ਦੇ ਇਸ ਦੂਸ਼ਿਤ ਵਾਤਾਵਰਣ ਅੰਦਰ ਸੰਤੁਲਿਤ ਜੀਵਨ ਜੀਓਣ ਦੀ ਕਲਾ ਵੀ ਸਿਖਾਉਂਦਾ ਹੈ। ਇਸ ਰਾਜਯੋਗ ਦੇ ਅਭਿਆਸ ਨਾਲ ਆਤਮਾ ਦੀ ਗੁਪਤ ਸ਼ਕਤੀ ਜਾਗ੍ਰਿਤ ਹੋ ਜਾਂਦੀ ਹੈ ਅਤੇ ਆਤਮਾ ਵਿਚ ਅਨੇਕ ਗੁਣ, ਕਲਾਵਾਂ, ਖੂਬੀਆਂ ਪ੍ਰਗਟ ਹੋਣ ਲਗਦੀਆਂ ਹਨ।ਇਹ ਰਾਜਯੋਗ ਮਨੁੱਖ ਨੂੰ ਕੁਸ਼ਲ ਪ੍ਰਸ਼ਾਸਨ ਦੀ ਕਲਾ ਵੀ ਸਿਖਾਉਂਦਾ ਹੈ ਅਤੇ ਮਨ ਵਿਚ ਬੈਠੇ ਵਿਕਾਰਾਂ ਦੇ ਕਿਟਾਣੂਆਂ ਨੂੰ ਨਸ਼ਟ ਕਰਨ ਦੀ ਸ਼ਕਤੀ ਦਿੰਦਾ ਹੈ, ਮਨ ਨੂੰ ਸ਼ਕਤੀਸ਼ਾਲੀ ਬਨਾਉਣ ਲਈ, ਸ਼ੁੱਧ ਵਿਚਾਰਾਂ ਦੀ ਉਤਪਤੀ ਲਈ, ਮਨ ਦੀ ਇਕਾਗਰਤਾ ਵਧਾਉਣ ਲਈ “ਰਾਜਯੋਗ” ਇਕ ਰਾਮ-ਬਾਣ ਦਵਾਈ ਹੈ।

ਦਕਵਕਫਵਕਗ) ਲਾਇ ਡੀਟੈਕਟਰ ਵਿਚ ਲੱਗੇ ਗਲਵੈਨੋਮੀਟਰ (ਭ;ੜਅਰਠਕਵਕਗ) ਨਾਲ ਮਾਪਿਆ ਜਾਂਦਾ ਹੈ।

ਮਨੁੱਖ ਦੇ ਮਨ ਦੀਆਂ ਭਾਵਨਾਵਾਂ ਦੀ ਪ੍ਰਤੀਕ੍ਰਿਆ ਬਨਸਪਤੀ ਕਿਵੇਂ ਦੇਂਦੀ ਹੈ ਇਹ ਦੇਖਣ ਵਾਸਤੇ ਉਹਨਾਂ ਨੇ ਡਰਸੀਨਾ ਨਾਮਕ ਪੌਦੇ ਦਾ ਪੱਤਾ ਯੰਤਰ ਵਿਚ ਜੋੜ ਦਿੱਤਾ ਅਤੇ ਮਨ ਵਿਚ ਸੋਚਿਆ ਕਿ ਹੁਣ ਇਸ ਪੱਤੇ ਨੂੰ ਸਾੜ ਦੇਵਾਂ। ਹੈਰਾਨੀ ਦੀ ਗੱਲ ਹੈ ਕਿ ਪੱਤਾ ਸਾੜਣ ਦਾ ਵਿਚਾਰ ਮਨ ਵਿਚ ਆਉਂਦੇ ਹੀ ਮਾਚਿਸ ਹੱਥ ਵਿਚ ਫੜਨ ਤੋਂ ਪਹਿਲਾਂ ਹੀ ਯੰਤਰ ਵਿਚ ਰੀਡਿੰਗ ਦੇਣ ਵਾਲੀ ਸੂਈ ਜ਼ੋਰ-ਜ਼ੋਰ ਨਾਲ ਪ੍ਰਤੀਰੋਧ ਦਿਖਾਉਣ ਲਗ ਪਈ। ਉਸੀ ਸਮੇਂ ਉਹਨਾਂ ਸਮਝ ਲਿਆ ਕਿ ਮਨ ਦੇ ਵਿਚਾਰਾਂ ਨੂੰ ਬਨਸਪਤੀ ਨੇ ਸਮਝ ਲਿਆ ਹੈ। ਦੂਜੀ ਵਾਰ ਉਹਨਾਂ ਨੇ ਇੱਛਾ ਦੇ ਵਿਰੁੱਧ ਪੱਤਾ ਸਾੜਣ ਦਾ ਨਾਟਕ ਕੀਤਾ ਤਾਂ ਉਸ ਸਮੇਂ ਪੌਦੇ ਦੁਆਰਾ ਕੀਤੀ ਗਈ
ਪ੍ਰਤਿਕਿਰਿਆ ਘੱਟ ਗਤੀ ਵਾਲੀ ਸੀ। ਇਸ ਤੋਂ ਸਿੱਧ ਹੁੰਦਾ ਹੈ ਕਿ ਪੇੜ ਪੌਦੇ ਸੱਚ ਅਤੇ ਝੂਠ ਦੇ ਵਿਚਾਰਾਂ ਨੂੰ ਸਮਝਦੇ ਹਨ।

ਅਜਿਹੇ ਹੈਰਾਨੀ-ਜਨਕ ਤਜਰਬੇ ਤੋਂ ਬਾਅਦ ਉਹਨਾਂ ਨੇ ਲਗਭਗ 25 ਪ੍ਰਕਾਰ ਦੀ ਬਨਸਪਤੀ ਉੱਤੇ, ਦੇਸ਼ ਦੇ ਅਲੱਗ-ਅਲੱਗ ਭਾਗਾਂ ਵਿਚ ਅਲੱਗ-ਅਲੱਗ ਲੋਕਾਂ ਦੁਆਰਾ ਲਾਇ ਡਿਟੈਕਟਰ ਰਾਹੀਂ ਪ੍ਰਯੋਗ ਕਰਵਾਏ ਅਤੇ ਹਰ ਥਾਂ ਉਹਨਾਂ ਨੂੰ ਪਹਿਲਾਂ ਵਰਗੇ ਹੀ ਪ੍ਰਣਾਮ ਦਿਖਾਈ ਦਿੱਤੇ। ਇਸ ਤੋਂ ਸਾਬਤ ਹੁੰਦਾ ਹੈ ਕਿ ਬਨਸਪਤੀ ਵਿਚਾਰ ਉਤਪੰਨ ਕਰਦੀ ਹੈ। ਉਹਨਾਂ ਨੇ ਅੱਗੇ ਚਲਕੇ ਇਹ ਵੀ ਦੱਸਿਆ ਕਿ ਪੇੜ ਜਾਂ ਬਨਸਪਤੀ ਅਤੇ ਉਹਨਾਂ ਦੀ ਪਾਲਨਾ ਕਰਨ ਵਾਲੇ ਵਿਅਕਤੀ ਵਿਚਕਾਰ ਇਕ ਅਟੁੱਟ ਰਿਸ਼ਤਾ ਬਣਦਾ ਹੈ। ਅਜਿਹੇ ਵਿਅਕਤੀ ਚਾਹੇ ਉਸ ਰੁੱਖ ਜਾਂ ਬਨਸਪਤੀ ਦੇ ਨੇੜੇ ਹੋਣ ਜਾਂ ਕਿੰਨੇ ਵੀ ਦੂਰ ਹੋਣ ਤਾਂ ਵੀ ਉਹ ਇਕੋ ਜਿਹੇ ਵਿਚਾਰਾਂ ਵਾਲੇ ਮਿਤਰਾਂ ਵਾਂਗ ਆਪਣੇ ਸੰਕਲਪਾਂ ਦੇ ਆਧਾਰ ਤੇ ਆਪਣੇ ਦਿਲ ਦੀਆਂ ਭਾਵਨਾਵਾਂ ਨੂੰ ਉਸ ਰੁੱਖ ਜਾਂ ਬਨਸਪਤੀ ਤਕ ਪਹੁੰਚਾਂਦੇ ਹਨ ਅਤੇ ਬਨਸਪਤੀ ਵੀ ਉਸੇ ਅਨੁਸਾਰ ਆਪਣੀ ਪ੍ਰਤੀਕ੍ਰਿਆ ਭੇਜਦੀ ਰਹਿੰਦੀ ਹੈ।

ਮਾਨਸ-ਭੌਤਕ ਸ਼ਾਸਤਕ ਦੇ ਜਨਕ "ਫੇਹਨਰ" ਨੇ ਅਪਣੇ ਪ੍ਰਯੋਗ ਦੁਆਰਾ ਸਿੱਧ ਕੀਤਾ ਹੈ ਕਿ ਬਨਸਪਤੀ ਅੰਦਰ ਵੀ ਆਪਣਾ ਵਿਅਕਤਿਤਵ ਹੁੰਦਾ ਹੈ। ਬਨਸਪਤੀ ਨੂੰ ਖੁੱਦ ਨੂੰ ਕਿਤਨੀ ਖੁਰਾਕ ਦੀ ਜਰੂਰਤ ਹੈ ਇਹ ਪਤਾ ਰਹਿੰਦਾ ਹੈ ਅਤੇ ਉਹ ਆਪਣੀ ਜਰੂਰਤ ਅਨੁਸਾਰ ਆਪ ਹੀ ਉਸ ਨੂੰ ਹਾਸਲ ਕਰਨਾ ਆਉਂਦਾ ਹੈ। ਸਿਰਫ ਉਹਨਾਂ ਦਾ ਜਾਨਣਾ ਅਤੇ ਹਾਸਲ ਕਰਨ ਦਾ ਰਸਤਾ ਅਲੱਗ ਹੈ।

ਐਲਬਰੇਟ ਹਰਝੀਲੀ ਨਾਮ ਵਾਲੇ ਸੰਸ਼ੋਧਕ ਨੇ "ਦੀ ਔਰੀਜਨ ਆਫ ਇਨਆਰਗੈਨਿਕ ਸਬਸਟੇਨਸਿਸ"(ਓਿਕ ਰਗਜਪਜਅ ਰਾਂ ਜਅਰਗਪ੍ਅਜਫ ਤਚਲਤਵ੍ਅਫਕਤ) ਨਾਮਕ ਕਿਤਾਬ ਲਿਖੀ ਹੈ। ਇਸ ਕਿਤਾਬ ਵਿਚ ਉਹਨਾਂ ਨੇ ਸਾਬਤ ਕੀਤਾ ਹੈ ਕਿ ਬਨਸਪਤੀ ਕੇਵਲ ਅੰਨੇਅਨਾਜ ਹੀ

"ਰਾਜਯੋਗ" ਜੀਵਨ ਨੂੰ ਦਿਵਯ ਬਣਾ ਕੇ ਸੰਪੂਰਨਤਾ ਦੀ ਰਾਹ ਤੇ ਲੈ ਜਾਣ ਵਾਲੀ ਸਾਧਨਾ ਹੈ। ਇਸ ਰਾਜਯੋਗ ਲਈ ਕੋਈ ਸਰੀਰਕ ਆਸਨ ਨਹੀਂ ਦੱਸੇ ਜਾਂਦੇ ਲੇਕਿਨ ਹਰ ਇਕ ਗੱਲ ਅਧਿਆਤਮਿਕ ਅਤੇ ਮਨੋਵਿਗਿਆਨਕ ਦ੍ਰਿਸ਼ਟੀਕੋਣ ਦੇ ਆਧਾਰ ਤੇ ਵਿਵਹਾਰਕ ਰੂਪ ਵਿਚ ਸਮਝਾਈ ਜਾਂਦੀ ਹੈ। ਜੇਕਰ ਜਗਿਆਸੂ ਇਸ ਰਾਜਯੋਗ ਦਾ ਇਕਾਗਰਤਾ ਨਾਲ ਅਭਿਆਸ ਕਰੇ ਅਤੇ ਅੰਤਰਮੁਖੀ ਹੋ ਕੇ ਦੱਸੇ ਗਏ ਨਿਯਮਾਂ ਦਾ ਜੀਵਨ ਵਿਚ ਪਾਲਣ ਕਰੇ ਤਾਂ ਉਸਨੂੰ ਜੀਵਨ ਵਿਚ ਪਰਮ ਆਨੰਦ ਅਤੇ ਸੱਚੀ ਸੁੱਖ ਸ਼ਾਂਤੀ ਦੀ ਅਨੁਭੂਤੀ ਹੋਵੇਗੀ। ਇਹ ਯੋਗ ਕੋਈ ਵੀ ਵਿਅਕਤੀ ਕਰ ਸਕਦਾ ਹੈ ਚਾਹੇ ਉਹ ਕਿਸੇ ਵੀ ਜਾਤ, ਧਰਮ, ਰੰਗ, ਉਮਰ, ਦੇਸ਼ ਦਾ ਹੋਵੇ ਜਾਂ ਕੋਈ ਵੀ ਕਾਰੋਬਾਰ ਕਰਦਾ ਹੋਵੇ, ਕਿਉਂਕਿ ਰਾਜਯੋਗ ਇਹਨਾਂ ਸਾਰੇ ਬੰਧਨਾਂ ਤੋਂ ਪਾਰ ਲੈ ਜਾਂਦਾ ਹੈ। ਅਜਿਹਾ ਅਨੁਭਵ ਵਿਅਕਤੀ ਖੁਦ ਵੀ ਕਰ ਸਕਦਾ ਹੈ ਅਤੇ ਕਿਸੇ ਹੋਰ ਵਿਅਕਤੀ ਵਸਤੂ ਜਾਂ ਬਨਸਪਤੀ ਨੂੰ ਵੀ ਕਰਾ ਸਕਦਾ ਹੈ। ਸਿਰਫ ਲੋੜ ਹੈ ਸਨੇਹ ਅਤੇ ਪ੍ਰੇਮ ਨਾਲ ਉਸ ਵਿਅਕਤੀ, ਵਸਤੂ ਜਾਂ ਬਨਸਪਤੀ ਦੇ ਨਾਲ ਰਿਸ਼ਤੇ ਜੋੜਨ ਦੀ।

ਬਨਸਪਤੀ ਜਗਤ ਦੇ ਕੁਝ ਵਿਗਿਆਨਿਕ ਸਿਧਾਂਤ

ਡਾ. ਸਰ ਜਗਦੀਸ਼ ਚੰਦਰ ਬੋਸ ਨੇ ਅਪਣੇ ਪ੍ਰਯੋਗ ਦੁਆਰਾ ਸਿੱਧ ਕੀਤਾ ਕਿ ਮਨੁੱਖਾਂ ਦੀ ਤਰ੍ਹਾਂ ਹੀ ਰੁੱਖਾਂ ਅਤੇ ਬਨਸਪਤੀ ਦੀਆਂ ਕ੍ਰਿਆਵਾਂ ਹੁੰਦੀਆਂ ਹਨ। ਬਨਸਪਤੀ ਫੇਫੜੇ ਬਿਨਾਂ ਸਾਹ ਲੈ ਸਕਦੀ ਹੈ, ਬਿਨਾ ਪੇਟ ਦੇ ਖੁਰਾਕ ਹਜ਼ਮ ਕਰ ਸਕਦੀ ਹੈ, ਦਿਮਾਗ ਬਿਨਾ ਹਲਚਲ ਵੀ ਕਰ ਸਕਦੀ ਹੈ। ਕਿਸੇ ਗਿਆਨ ਤੰਤਰ ਤੋਂ ਬਿਨਾਂ ਸੰਦੇਸ਼ ਲੈਣਾ ਅਤੇ ਉਸ ਦੀ ਪ੍ਰਤੀਕਿਰਯਾ ਕਰਨਾ ਇਹ ਕੰਮ ਵੀ ਬਨਸਪਤੀ ਕਰ ਸਕਦੀ ਹੈ । ਉਹਨਾਂ ਨੇ ਬਨਸਪਤੀ ਦੇ ਅੰਦਰ ਦੀ ਹਲਚਲ ਨੂੰ ਜਾਣਨ ਦੀ ਇਕ ਮਸ਼ੀਨ ਤਿਆਰ ਕੀਤੀ ਸੀ ਜਿਸ ਦੇ ਆਧਾਰ ਤੇ ਸਿੱਧ ਕੀਤਾ ਕਿ ਮੌਤ ਦੇ ਆਖਰੀ ਪਲਾਂ ਵਿਚ ਜਿਵੇਂ ਇਨਸਾਨ ਹੌਕੇ ਭਰਦਾ ਹੈ ਪਸ਼ੂ ਹੌਕੇ ਭਰਦੇ ਹਨ, ਇਸੇ ਤਰ੍ਹਾਂ ਬਨਸਪਤੀ ਵੀ ਅੰਤਿਮ ਪਲਾਂ ਵਿਚ ਹੌਕੇ ਭਰਦੀ ਹੈ। ਉਸ ਸਮੇਂ ਉਸ ਦੇ ਅੰਦਰੋਂ ਬੜੇ ਪੈਮਾਨੇ ਤੇ ਊਰਜਾ ਬਾਹਰ ਨਿਕਲਦੀ ਹੈ। ਉਹਨਾਂ ਨੇ ਆਪਟੀਕਲ ਪਲਸ ਰਿਕਾਰਡਰ ਮਸ਼ੀਨ ਰਾਹੀਂ ਇਹ ਸਪੱਸ਼ਟ ਕੀਤਾ ਕਿ ਜਦੋਂ ਬਨਸਪਤੀ ਨੂੰ ਬਾਹਰ ਤੋਂ ਕੋਈ ਊਰਜਾ ਛੂੰਹਦੀ ਹੈ ਤਾਂ ਉਸ ਊਰਜਾ ਦਾ ਬਨਸਪਤੀ ਅੰਦਰ ਬਿਜਲੀ ਦੀ ਸ਼ਕਤੀ ਵਿਚ ਪਰਿਵਰਤਨ ਹੁੰਦਾ ਹੈ ਅਤੇ ਇਸ ਦਾ ਪ੍ਰਤੱਖ ਪ੍ਰਣਾਮ ਦਿਖਾਈ ਦਿੰਦਾ ਹੈ ।

ਕਲੀਵ ਬਕਸਟਰ ਜੀ ਨੇ ਜਗਦੀਸ਼ ਚੰਦਰ ਬੋਸ ਦੇ ਇਸ ਸੰਸ਼ੋਧਨ ਨੂੰ ਅੱਗੇ ਲੈ ਜਾਂਦੇ ਹੋਏ ਇਹ ਸਿੱਧ ਕਰਕੇ ਦੱਸਿਆ ਕਿ ਬਨਸਪਤੀ ਵਿਚ ਭਾਵਨਾਵਾਂ ਵੀ ਹੁੰਦੀਆਂ ਹਨ, ਉਹਨਾਂ ਨੂੰ ਮਨੁੱਖ ਦੇ ਮਨ ਦੀਆਂ ਭਾਵਨਾਵਾਂ ਸਮਝ ਆਉਂਦੀਆਂ ਹਨ। ਉਹਨਾਂ ਨੇ ਲਾਇ ਡੀਟੈਕਟਰ (:ਜਕ ਦਕਵਕਫਵਕਗ) ਮਸ਼ੀਨ ਰਾਹੀਂ ਬਨਸਪਤੀ ਤੇ ਕੁਝ ਪ੍ਰਯੋਗ ਕੀਤੇ।ਮਨ ਦੇ ਅੰਦਰ ਦੀਆਂ ਭਾਵਨਾਵਾਂ ਦੇ ਕਾਰਨ ਬਨਸਪਤੀ ਦੇ ਅੰਦਰ ਦੀ ਊਰਜਾ ਦੇ ਵਹਾਅ ਨੂੰ ਭਾਵਨਾਵਾਂ ਦੁਆਰਾ ਹੋਣ ਵਾਲੇ ਪ੍ਰਤਿਸ਼ੋਧ ਨੂੰ (:ਜਕ

ਪੈਦਾ ਨਹੀਂ ਕਰਦੀ ਬਲਕਿ ਇਹ ਇਕ ਜਾਦੂਗਰਨੀ ਵੀ ਹੈ। ਇਕ ਮੂਲਰਸ ਨੂੰ ਬਦਲ ਕੇ ਦੂਜਾ ਮੂਲਰਸ ਤਿਆਰ ਕਰਨ ਦੀ ਸ਼ਕਤੀ ਵੀ ਬਨਸਪਤੀ ਵਿਚ ਹੈ। ਲੋੜ ਅਨੁਸਾਰ ਬਨਸਪਤੀ ਸਫ਼ੂਰਦ ਦਾ ਗੰਧਕ ਵਿਚ, ਕੈਲਸ਼ੀਅਮ ਦਾ ਫਾਸਫੇਟ ਵਿਚ, ਮੈਗਨੇਸ਼ੀਅਮ ਦਾ ਕੈਲਸ਼ੀਅਮ ਵਿਚ, ਕਾਰਬੋਨਿਕ ਏਸਿਡ ਦਾ ਮੈਗਨੇਸ਼ੀਅਮ ਵਿਚ ਅਤੇ ਨਾਇਟ੍ਰੋਜਨ ਦਾ ਪੋਟਾਸ਼ੀਅਮ ਵਿਚ ਪਰਿਵਰਤਨ ਕਰਦੀ ਹੈ, ਬਨਸਪਤੀ ਨਵੀਂ ਰਚਨਾ ਨਿਯਮਿਤ ਤਾਪਮਾਨ ਤੇ ਘੱਟ ਤੋਂ ਘੱਟ ਊਰਜਾ ਖਰਚ ਕਰਕੇ ਕਰਦੀ ਹੈ, ਇਹ ਵੀ ਉਹਨਾਂ ਨੇ ਸਿੱਧ ਕੀਤਾ ਹੈ।

"ਚਾਰਲਸ ਡਾਰਵਿਨ" ਨਾਮ ਦੇ ਵਿਗਿਆਨਕ ਨੇ ਸਪੱਸ਼ਟ ਕੀਤਾ ਹੈ ਕਿ ਬਨਸਪਤੀ ਅੰਦਰ ਐਸੀ ਗੁਪਤ ਸ਼ਕਤੀ ਹੁੰਦੀ ਹੈ ਜਿਸ ਨਾਲ ਬਨਸਪਤੀ ਨੂੰ ਸਮਝ ਅਤੇ ਬੁੱਧੀ ਪ੍ਰਾਪਤ ਹੁੰਦੀ ਹੈ। ਉਹਨਾਂ ਨੇ ਆਪਣੀ "ਦੀ ਪਾਵਰ ਆਫ ਮੂਵਮੈਂਟਸ ਇਨ ਪਲਾਂਟਸ" (ਓੀਕ ਬਰਮਕਗ ਰਾਂ ਠਰਡਕਠਕਅਵਤ ਜਅ ਬ;ਅਵਤ) ਕਿਤਾਬ ਵਿਚ ਦਰਜ ਕੀਤਾ ਹੈ ਕਿ ਬਨਸਪਤੀ ਦੀ ਜੜ੍ਹ ਦੇ ਮੂਲ ਵਿਚ ਜੋ ਜੀਵਣੂ ਹੁੰਦੇ ਹਨ ਉਹ ਬ੍ਰੇਨ ਦੇ ਬਰਾਬਰ ਕੰਮ ਕਰਦੇ ਹਨ-ਅਜਿਹਾ ਕਹਿਣ ਵਿਚ ਕੋਈ ਹਰਜਾ ਨਹੀਂ ਹੈ। ਇਹ ਪੇਸ਼ੀਆਂ ਬਨਸਪਤੀ ਲਈ ਸੰਦੇਸ਼ ਹਾਸਲ ਕਰਨ ਦਾ ਅਤੇ ਹਲਚਲ
ਨੂੰ ਕੰਟਰੋਲ ਕਰਨ ਦਾ ਕੰਮ ਕਰਦੀਆਂ ਹਨ।

ਭਾਰਤੀ ਵਿਗਿਆਨਕ ਡਾ. ਟੀ. ਸੀ. ਸਿੰਘ ਨੇ ਚੇਨਈ ਸਥਿਤ ਅੱਨਾਮਲਾਈ ਯੂਨੀਵਰਸਿਟੀ ਅੰਦਰ ਬਾਂਸੁਰੀ, ਵਾਇਲਨ, ਵੀਣਾ ਵਾਦਨ ਆਦਿ ਵਾਜਿਆਂ ਦੁਆਰਾ ਬਨਸਪਤੀ ਉੱਤੇ ਅਨੇਕ ਪ੍ਰਯੋਗ ਕੀਤੇ ਅਤੇ ਇਹ ਸਿੱਧ ਕੀਤਾ ਕਿ ਰੁੱਖਾਂ ਦੀ ਬੜੌਤਰੀ, ਫਲ, ਫੁਲ, ਬੀਜ ਆਦਿ ਦੇ ਵਿਕਾਸ ਉੱਤੇ ਸੰਗੀਤ ਦਾ ਚੰਗਾ ਪ੍ਰਭਾਵ ਪੈਂਦਾ ਹੈ। ਇਸ ਸੰਗੀਤ ਨਾਲ ਪੱਤਿਆਂ ਦੀ ਸੰਖਿਆ 72 ਫੀ ਸਦੀ ਵੱਧ ਗਈ ਅਤੇ ਰੁੱਖ ਦਾ ਵਿਕਾਸ 20 ਫੀ ਸਦੀ ਜ਼ਿਆਦਾ ਦਿਖਾਈ ਦਿੱਤਾ । ਮਦਰਾਸ ਅਤੇ ਪਾਂਡੀਚਰੀ ਸਥਿਤ 7 ਸਥਾਨਾਂ ਤੇ ਉਹਨਾਂ ਨੇ ਸੰਗੀਤ ਦਾ ਪ੍ਰਯੋਗ ਕੀਤਾ ਤਾਂ ਅਨਾਜ ਦੀ ਪੈਦਾਵਾਰ ਵਿਚ 25 ਤੋਂ 60 ਫੀ ਸਦੀ ਤੱਕ ਵਾਧਾ ਹੋਇਆ। ਉਹਨਾਂ ਨੇ ਫੁੱਲਾਂ ਦੀ ਬਗੀਚੀ ਵਿਚ ਬਿਨ੍ਹਾਂ ਘੁੰਗਰੂ, ਭਾਰਤ ਨਟਯਮ ਦਾ ਪ੍ਰਯੋਗ ਕੀਤਾ ਤਾਂ ਗੇਂਦੇ ਅਤੇ ਪਿਟਯੂਨਿਆ ਦੇ ਫੂਲਾਂ ਦੀ ਬਗੀਚੀ ਵਿਚ 15 ਦਿਨ ਪਹਿਲਾ ਹੀ ਫੁੱਲ ਖਿੜਣੇ ਸ਼ੁਰੂ ਹੋ ਗਏ। ਇਸ ਵਿਚ ਨਾਚ ਦੀ ਲੈਯ ਦੁਆਰਾ ਪੈਦਾ ਹੋਣ ਵਾਲੇ ਵਾਇਬ੍ਰੇਸ਼ਨ ਨੂੰ ਫੁਲਾਂ ਦੇ ਪੌਦਿਆਂ ਨੇ ਜ਼ਮੀਨ ਦੇ ਅੰਦਰੋਂ ਪਕੜਿਆ ਹੋਵੇਗਾ ਅਤੇ ਉਸ ਦਾ ਅਸਰ ਉਹਨਾਂ ਦੇ ਵਿਕਾਸ ਤੇ ਪਿਆ ਹੋਵੇਗਾ, ਅਜਿਹਾ ਅਨੁਭਵ ਉਹਨਾਂ ਨੇ ਸਾਂਝਾ ਕੀਤਾ।

ਡਾ: ਹੇਮਾਂਗੀ ਜਾਂਭੇਕਰ ਨੇ ਆਪਣੇ "ਕੁਦਰਤੀ ਸ਼ਕਤੀਆਂ ਦਾ ਨਿਯੋਜਨ" ਲੇਖ ਵਿਚ ਸਪੱਸ਼ਟ ਕੀਤਾ ਹੈ ਕਿ ਸੂਰਜ ਦੀ ਊਰਜਾ, ਚੰਦਰਮਾ ਦੀ ਊਰਜਾ ਅਤੇ ਵੈਸਵਿਕ ਊਰਜਾ ਦੁਆਰਾ ਜ਼ਮੀਨ ਨੂੰ ਸਜੀਵ ਕਰਨਾ, ਕੰਪੋਜ਼ਟਿੰਗ ਛੇਤੀ ਹੋਣਾ, ਕੱਲਰ ਵਾਲੀ ਜ਼ਮੀਨ ਨੂੰ ਸੁਧਾਰਨਾ ਸਹਿਜ ਸੰਭਵ ਹੈ।

ਇਹਨਾਂ ਊਰਜਾਵਾਂ ਦੁਆਰਾ ਜ਼ਮੀਨ ਦੇ ਅੰਦਰ ਵਾਲੇ ਜੀਵਾਣੂ ਬਨਸਪਤੀ ਤੇ ਆਉਣ ਵਾਲੇ ਕੀੜਿਆਂ ਦੇ ਜੀਵਨ ਚੱਕਰ ਵਿਚ ਕੋਈ ਬਦਲਾਵ ਨਾ ਕਰਦੇ ਹੋਏ ਊਰਜਾ ਨਿਯੋਜਨ ਨਾਲ ਫਸਲਾਂ ਨੂੰ ਊਰਜਾ ਸੰਪੰਨ ਕੀਤਾ ਜਾਂਦਾ ਹੈ। ਇਹਨਾਂ ਊਰਜਾਵਾਂ ਦੇ ਇਸਤੇਮਾਲ ਨਾਲ ਰਾਇਜ਼ੋ-

ਬੀਅਮ (ਵੀਜੰਰਲਜਚਠ) ਦੇ ਜੀਵਾਣੂ ਠੀਕ ਢੰਗ ਨਾਲ ਸਥਾਈਕਰਣ ਦਾ ਕੰਮ ਕਰਦੇ ਹਨ। ਮਿਥੇਨੋਜੀਨਿਕ ਜੀਵਾਣੂ ਅਤੇ ਕੰਪੋਜ਼ਟਿੰਗ ਕਰਨੇ ਵਾਲੇ ਜੀਵਾਣੂ ਅਧਿਕ ਕਰਮਸ਼ੀਲ ਹੋ ਕੇ ਅਪਣਾ ਕੰਮ ਕਰਦੇ ਹਨ। ਇਹਨਾਂ ਦੁਆਰਾ ਕੰਮਪੋਜਟਿੰਗ ਦਾ ਛੇਤੀ ਹੋਣਾ, ਗੰਨੇ ਵਿਚ ਖੰਡ ਦੀ ਮਾਤ੍ਰਾ ਵੱਧਣਾ, ਕੀੜੇ ਅਤੇ ਰੋਗ ਉੱਤੇ ਕੰਟਰੋਲ, ਘੱਟ ਤੋਂ ਘੱਟ ਦਵਾਈਆਂ ਦੀ ਵਰਤੋਂ ਨਾਲ ਸੰਭਵ ਹੁੰਦਾ ਹੈ। ਇਸ ਦੇ ਨਾਲ ਖੇਤੀ ਦਾ ਝਾੜ ਵੀ ਵੱਧ ਜਾਂਦਾ ਹੈ ਅਤੇ ਗੁਣਵਤਾ ਵਿਚ ਵੀ ਸੁਧਾਰ ਹੁੰਦਾ ਹੈ।

ਅਮਰੀਕਾ ਦੇ ਜਗਤ-ਪ੍ਰਸਿੱਧ ਵਿਗਿਆਨਿਕ ਜਾਰਜ ਵਾਸ਼ਿੰਗਟਨ ਕਾਰਵਹਰ ਦੇ ਖੇਤੀ ਸਬੰਧੀ ਕੀਤੇ ਕਈ ਪ੍ਰਯੋਗਾਂ ਨੂੰ ਦੇਖ ਕੇ ਕਈ ਲੋਕਾਂ ਨੇ ਉਹਨਾਂ ਨੂੰ ਪੁੱਛਿਆ ਕਿ ਤੁਹਾਡੇ ਵਰਗੇ ਪ੍ਰਯੋਗ ਕੋਈ ਹੋਰ ਵੀ ਕਰ ਸਕਦਾ ਹੈ ? ਤਾਂ ਉਹਨਾਂ ਨੇ ਅਪਣਾ ਹੱਥ ਟੇਬਲ ਤੇ ਰੱਖੀ ਬਾਇਬਲ ਤੇ ਰੱਖ ਕੇ ਜਵਾਬ ਦਿੱਤਾ ਕਿ ਸਾਰੇ ਰਾਜ਼ ਇਸ ਅੰਦਰ ਛੁਪੇ ਹੋਏ ਹਨ, ਯਾਨਿ ਕਿ ਪਰਮਾਤਮਾ ਵਿਚ ਵਿਸ਼ਵਾਸ ਹੋਵੇ। ਕੇਵਲ ਇਹ ਵਿਸ਼ਵਾਸ ਹੀ ਸੱਚ ਹੈ, ਇਸ ਵਿਚ ਬੇਹਦ ਤਾਕਤ ਹੈ। ਜਿਹਨਾਂ ਦਾ ਪਰਮਾਤਮਾ ਉੱਤੇ ਵਿਸ਼ਵਾਸ ਹੈ ਉਹ ਸਭ ਮੇਰੇ ਜਿਹੇ ਪ੍ਰਯੋਗ ਅਤੇ ਅਨੁਭੂਤੀ ਕਰ ਸਕਦੇ ਹਨ ਲੇਕਿਨ ਇਸ ਵਾਸਤੇ ਪ੍ਰਕਿਰਤੀ ਅਤੇ ਪੇੜ-ਬਨਸਪਤੀ ਨਾਲ ਪ੍ਰੇਮ ਪਿਆਰ ਦਾ ਨਾਤਾ ਜੋੜਨਾ ਬਹੁਤ ਜ਼ਰੂਰੀ ਹੈ।

ਬਨਸਪਤੀ ਦੇ ਜਾਦੂਗਰ "ਲਿਯੂਥਰ ਬਰਬੱਕ" ਨੇ ਪ੍ਰਯੋਗ ਦੁਆਰਾ ਕੈਕਟਸ (ਡੰਡਾ ਥੋਰ) ਪੌਦੇ ਨੂੰ ਅਰਜ਼ੀ ਪਾਈ ਕਿ ਉਹ ਅਪਣੇ ਕੰਡੇ ਹਟਾ ਲਵੇ। ਬਰਬੱਕ ਦੇ ਪਿਆਰ ਖਾਤਰ ਕੈਕਟਸ ਨੇ ਵੀ ਉਸਦਾ ਕਹਿਣਾ ਮੰਨ ਲਿਆ ਅਤੇ ਆਪਣੀ ਸੁਰੱਖਿਆ ਵਾਸਤੇ ਜਿਹੜੇ ਕੰਡੇ ਸੀ ਉਹ ਹਟਾਣ ਵਾਸਤੇ ਤਿਆਰ ਹੋ ਗਿਆ। ਉਸਦੇ ਕੋਲ ਪੇੜ ਪੌਦਿਆਂ ਨਾਲ ਗੱਲਬਾਤ ਕਰਨ ਦੀ ਸ਼ਕਤੀ ਸੀ, ਪ੍ਰੇਮ ਅਤੇ ਪਿਆਰ ਸੀ। ਇਸੀ ਕਾਰਨ 18 ਅਪ੍ਰੈਲ 1906 ਨੂੰ ਜਦੋਂ ਭੂਚਾਲ ਆਉਣ ਨਾਲ ਸਾਨਫ੍ਰਾਂਸੀਸਕੋ ਤਬਾਹ ਹੋ ਗਿਆ ਸੀ ਉਦੋ ਬਰਬੱਕ ਦਾ ਮਕਾਨ ਭੂਚਾਲ ਦੇ ਕੇਂਦਰ

ਬਿੰਦੂ ਦੇ ਨੇੜੇ ਹੀ ਸੀ ਫੇਰ ਵੀ ਉਸ ਦੇ ਮਕਾਨ ਦੀਆਂ ਖਿੜਕੀਆਂ ਦਾ ਇਕ ਵੀ ਸ਼ੀਸ਼ਾ ਨਹੀਂ ਟੁੱਟਾ। ਬਰਬੱਕ ਦਾ ਕਹਿਣਾ ਇਹ ਸੀ ਕਿ ਕੁਦਰਤ ਨਾਲ ਡੂੰਘੀ ਦੋਸਤੀ ਬਣਾ ਕੇ ਰੱਖਣ ਦਾ ਹੀ ਇਹ ਨਤੀਜਾ ਸੀ।

ਇਹਨਾਂ ਸਾਰੇ ਪ੍ਰਯੋਗਾਂ ਬਾਰੇ ਸੁਣਦੇ ਹੋਏ ਮਨ ਵਿਚ ਇਹ ਵਿਸ਼ਵਾਸ ਹੋਣ ਲਗਦਾ ਹੈ ਕਿ ਸਾਨੂੰ ਵੀ ਇੰਝ ਹੀ ਕੁਦਰਤ ਨਾਲ ਦੋਸਤੀ ਬਣਾ ਕੇ ਰੱਖਣਾ ਬਹੁਤ ਜ਼ਰੂਰੀ ਹੈ। ਵਿਗਿਆਨ ਦੇ ਯੁੱਗ ਅੰਦਰ ਸਾਡਾ ਜੀਵਨ ਮਸ਼ੀਨੀ ਬਣਦਾ ਜਾ ਰਿਹਾ ਹੈ,ਸਾਡੇ ਵਾਸਤੇ ਫਿਰ ਤੋਂ ਕੁਦਰਤ ਨਾਲ ਰਿਸ਼ਤਾ ਜੋੜ ਕੇ

ਚਲਨਾ ਬਹੁਤ ਜ਼ਰੂਰੀ ਹੈ। ਅੱਜ ਹਰ ਇਕ ਕਿਸਾਨ ਖੇਤੀ ਨੂੰ ਧੰਦਾ ਸਮਝ ਕੇ ਕਰਮ ਕਰ ਰਿਹਾ ਹੈ।ਖੇਤੀ ਨੂੰ ਅਨਾਜ ਉਗਾਉਣ ਦਾ ਇਕ ਸਾਧਨ ਸਮਝ ਰਹੇ ਹਾਂ। ਇਸੀ ਕਾਰਨ ਜ਼ਮੀਨ ਤੇ ਬਨਸਪਤੀ ਨਾਲ ਜੋ ਆਪਣਾਪਨ, ਸਨੇਹ, ਪ੍ਰੇਮ ਚਾਹੀਦਾ ਹੈ, ਉਸ ਦਾ ਅਨੁਭਵ ਅਸੀਂ ਨਹੀਂ ਕਰ ਰਹੇ ਹਾਂ। ਜ਼ਮੀਨ ਨੂੰ ਮਾਂ ਦੇ ਰਿਸ਼ਤੇ ਨਾਲ ਪਾਲਣਾ ਦੇਵਾਂਗੇ ਜਾਂ ਲਵਾਂਗੇ ਤਾਂ ਉਹ ਧਰਤੀ ਮਾਂ ਸਾਨੂੰ ਬਹੁਤ ਕੁਝ ਦੇਣ ਵਾਸਤੇ ਤਿਆਰ ਹੈ। ਜੇਕਰ ਸਾਡਾ ਆਪਣੇ ਨਾਲ ਪਿਆਰ ਹੈ, ਧਰਤੀ ਮਾਂ ਨਾਲ ਪਿਆਰ ਹੈ ਅਤੇ ਪਰਮਾਤਮਾ ਉੱਪਰ ਵਿਸ਼ਵਾਸ ਹੈ ਤਾਂ ਇਸ ਪ੍ਰਾਚੀਨ ਯੋਗਿਕ ਖੇਤੀ ਦੇ ਜ਼ਰੀਏ ਸੱਚੇ-ਸੱਚੇ ਅੰਨਦਾਤਾ ਬਣ ਕੇ ਫਿਰ ਤੋਂ ਇਸ ਭਾਰਤ ਭੂਮੀ ਨੂੰ "ਸੁਜਲਾਮ ਸੁਫਲਾਮ" ਬਣਾ ਕੇ ਭਾਰਤ ਨੂੰ ਖੇਤੀ ਪ੍ਰਧਾਨ ਦੇਸ਼ ਬਣਾ ਸਕਦੇ ਹਾਂ।

ਯੋਗ ਦੇ ਪ੍ਰਯੋਗ ਦੀਆਂ ਵਿੱਧੀਆਂ ਅਤੇ ਉਸਦੇ ਨਤੀਜੇ

ਪ੍ਰਾਚੀਨ ਕਾਲ ਦੇ ਤਪੱਸਵੀ ਜਨਾਂ ਦੀ ਤਪੱਸਿਆ ਬਾਰੇ ਅਸੀਂ ਸੁਣਿਆ ਹੋਇਆ ਹੈ ਕਿ ਜਦੋਂ ਰਿਸ਼ੀ-ਮੁਨੀ ਗੁਫਾਵਾਂ ਵਿਚ ਬੈਠ ਕੇ ਤਪੱਸਿਆ ਕਰਦੇ ਸੀ ਤਾਂ ਉਹਨਾਂ ਦੀ ਤਪੱਸਿਆ ਦਾ ਪ੍ਰਭਾਵ ਦੂਰ ਦੂਰ ਤੀਕ ਵਿਖਾਈ ਦਿੰਦਾ ਸੀ। ਜੇਕਰ ਕੋਈ ਹਿੰਸਕ ਪ੍ਰਵਿਰਤੀ ਵਾਲਾ ਵਿਅਕਤੀ ਤਪੱਸਵੀ ਦੇ ਆਸ਼ਰਮ ਵਿਚ ਅਚਾਨਕ ਪ੍ਰਵੇਸ਼ ਕਰਦਾ ਸੀ ਤਾਂ ਉਸ ਵਿਅਕਤੀ ਦੇ ਅੰਦਰ ਹਿੰਸਾ ਦੇ ਵਿਚਾਰ ਸ਼ਾਂਤ ਹੋ ਜਾਂਦੇ ਸੀ। ਐਸੇ ਹੀ ਕਈ ਵਾਰ ਆਸ਼ਰਮ ਅੰਦਰ ਪੈਰ ਰੱਖਦੇ ਹੀ ਮਨੁੱਖ ਆਪਣਾ ਦੁੱਖ, ਗਮ ਭੁਲ ਜਾਂਦੇ ਸਨ। ਇਸ ਤਰ੍ਹਾਂ ਵੀ ਸੁਣਿਆ ਹੈ ਅਤੇ ਤਸਵੀਰਾਂ ਵਿਚ ਵੀ ਦੇਖਿਆ ਹੈ ਕਿ ਕਈ ਥਾਵਾਂ ਆਸ਼ਰਮ ਵਿਚ ਤਪੱਸਵੀ ਕੋਲ ਹਿੰਸਕ ਜਾਨਵਰ ਵੀ ਆ ਕੇ ਸ਼ਾਂਤੀ ਨਾਲ ਬੈਠ ਜਾਂਦੇ ਸੀ। ਕਹਿਣ ਦਾ ਭਾਵ ਇਹ ਹੈ ਕਿ ਤਪੱਸਿਆ ਭਾਵ ਯੋਗ ਅੰਦਰ ਇਕ ਅਦਭੁਤ ਸ਼ਕਤੀ ਸਮਾਈ ਹੋਈ ਰਹਿੰਦੀ ਹੈ ਜਿਸ ਨਾਲ ਅਸੰਭਵ ਭੀ ਸੰਭਵ ਦਿਖਾਈ ਦਿੰਦਾ ਹੈ। ਹੁਣ ਪਰਮਾਤਮਾ ਨੇ ਅਤਿ ਸਹਿਜ ਯੋਗ ਸਿਖਾਇਆ ਹੈ। ਇਸ ਵਿਚ ਮੰਤਰ, ਪ੍ਰਾਣਾਯਾਮ, ਆਸਨਾਂ ਆਦਿ ਦੀ ਕੋਈ ਗੱਲ ਨਹੀਂ ਹੈ, ਯੋਗ ਦਾ ਸਿੱਧਾ ਅਰਥ ਹੈ-ਯਾਦੋ। ਇਸ ਵਿਚ ਅੱਖਾਂ ਬੰਦ ਕਰਨ ਦੀ ਲੋੜ ਨਹੀਂ ਹੈ। ਰਾਜਯੋਗ ਸਾਨੂੰ ਕਰਮਯੋਗ ਦੀ ਪ੍ਰੇਰਨਾ ਦਿੰਦਾ ਹੈ। ਇਸ ਰਾਜਯੋਗ ਦੇ ਅਭਿਆਸ ਦੇ ਲਈ ਖੁੱਦ ਦਾ ਅਤੇ ਪਰਮਾਤਮਾ ਦਾ ਗਿਆਨ ਹੋਣਾ ਜ਼ਰੂਰੀ ਹੈ। ਮੈਂ ਕੌਣ ਹਾਂ? ਮੈਨੂੰ ਕਿਹਦੇ ਨਾਲ ਯੋਗ ਲਗਾਉਣਾ ਹੈ? ਰਾਜਯੋਗ ਦੀ ਸਹੀ ਵਿੱਧੀ ਆਪਣੇ ਆਪ ਨੂੰ ਜੋਤੀ ਬਿੰਦੂ ਰੂਪ ਆਤਮਾ ਨਿਸ਼ਚੇ ਕਰਕੇ ਦਿਵਯ-ਜੋਤੀ ਬਿੰਦੂ ਰੂਪ ਪਰਮਾਤਮਾ ਨਾਲ ਸਨੇਹ ਅਤੇ ਪ੍ਰੇਮ ਨਾਲ ਸਰਬ ਸੰਬੰਧ ਜੋੜਨਾ ਤਾਂ ਕਿ ਆਤਮਾ ਅਧਿਕਾਰੀ ਬਣ ਕੇ ਪਰਮਾਤਮਾ ਕੋਲੋਂ ਸਰਬ ਪ੍ਰਾਪਤੀਆਂ ਦਾ ਅਨੁਭਵ ਕਰੇ।

ਆਤਮਾ ਅਤੇ ਪਰਮਾਤਮਾ ਵਿਚਕਾਰ ਸੰਬੰਧ ਜੋੜਨ ਲਈ ਲੋੜ ਹੈ ਸ੍ਰੇਸ਼ਟ ਵਿਚਾਰਾਂ ਦੀ, ਜਿਸ ਪ੍ਰਕਾਰ ਬੈਟਰੀ ਦਾ ਸੰਬੰਧ ਪਾਵਰ ਹਾਊਸ ਨਾਲ ਹੋ ਜਾਣ ਤੇ ਬੈਟਰੀ ਵਿਚ ਫਿਰ ਤੋਂ ਸ਼ਕਤੀ ਭਰ ਜਾਂਦੀ ਹੈ, ਠੀਕ ਇਸ ਪ੍ਰਕਾਰ ਸਰਬ ਸ਼ਕਤੀਮਾਨ ਪਰਮਾਤਮਾ, ਜੋ ਸਰਬ ਗੁਣਾਂ ਅਤੇ ਸ਼ਕਤੀਆਂ ਦਾ ਭੰਡਾਰ ਹੈ, ਉਹਨਾਂ ਨਾਲ ਸੰਬੰਧ ਜੋੜਨ ਨਾਲ ਆਤਮਾ ਵਿਚ ਕਈ ਗੁਣਾਂ ਅਤੇ ਸ਼ਕਤੀਆਂ ਦਾ ਸੰਚਾਰ ਹੁੰਦਾ ਹੈ।

ਰਾਜਯੋਗ ਦੀ ਪਹਿਲੀ ਸਟੇਜ ਹੈ-ਆਤਮ ਸਥਿਤੀ ਦਾ ਅਨੁਭਵ ਕਰਨਾ। ਚਲਦੇ-ਫਿਰਦੇ, ਉਠਦੇ-ਬੈਠਦੇ, ਕੋਈ ਵੀ ਕਰਮ ਕਰਦੇ ਖੁੱਦ ਨੂੰ ਆਪਣੇ ਸੱਚੇ ਨਿੱਜ ਸਰੂਪ ਵਿਚ ਅਨੁਭਵ ਕਰਨਾ, ਇਹ ਅਭਿਆਸ ਬਹੁਤ ਸਮੇਂ ਤੋਂ ਨਿਰੰਤਰ ਅਤੇ ਸਹਿਜ ਰਹੇ।

ਆਤਮਾ ਦੀਆਂ ਤਿੰਨ ਮੁੱਖ ਸ਼ਕਤੀਆਂ ਹਨ-ਮਨ, ਬੁੱਧੀ ਅਤੇ ਸੰਸਕਾਰ। ਵਿਚਾਰ ਕਰਨ ਦੀ ਸ਼ਕਤੀ ਨੂੰ ਮਨ ਕਹਿੰਦੇ ਹਨ।

ਨਿਰਣੇ ਅਤੇ ਵਿਵੇਕ ਸ਼ਕਤੀ ਨੂੰ ਬੁੱਧੀ ਕਹਿੰਦੇ ਹਨ।

ਕਰਮ ਦਾ ਅਸਰ ਸਿਮ੍ਰਤੀ ਤੇ ਪੈਂਦਾ ਹੈ ਉਸ ਨੂੰ ਸੰਸਕਾਰ ਕਹਿੰਦੇ ਹਨ।

ਜਿਵੇਂ ਸਾਡੇ ਵਿਚਾਰ ਹੁੰਦੇ ਹਨ ਉਸੀ ਆਧਾਰ ਤੇ ਸਾਡੇ ਚਿੱਤ ਦਾ ਨਿਰਮਾਣ ਹੁੰਦਾ ਹੈ, ਉਸ ਨਾਲ ਵਿਰਤੀ ਬਣਦੀ ਹੈ ਅਤੇ ਦ੍ਰਿਸ਼ਟੀਕੋਣ ਬਣਦਾ ਹੈ। ਜਿਸ ਤਰ੍ਹਾਂ ਦੀ ਦ੍ਰਿਸ਼ਟੀਕੋਣ ਉਸੇ ਤਰ੍ਹਾਂ ਦਾ ਕਰਮ (ਵਿਵਹਾਰ) ਹੁੰਦਾ ਹੈ ਅਤੇ ਵਿਵਹਾਰ ਨਾਲ ਹੀ ਸਾਡੇ ਚੰਗੇ ਜਾਂ ਬੁਰੇ ਸੰਸਕਾਰ ਬਣ ਜਾਂਦੇ ਹਨ।

ਆਤਮਾ ਮੂਲ ਰੂਪ ਵਿਚ ਗਿਆਨ ਸਰੂਪ, ਪਵਿਤਰ ਸਰੂਪ,ਸ਼ਾਂਤ ਸਰੂਪ, ਪ੍ਰੇਮ ਸਰੂਪ, ਆਨੰਦ ਸਰੂਪ, ਸ਼ਕਤੀ ਸਰੂਪ ਅਤੇ ਦੈਵੀ ਗੁਣਾਂ ਨਾਲ ਭਰਪੂਰ ਹੁੰਦੀ ਹੈ ਅਤੇ ਪਰਮਾਤਮਾ ਇਹਨਾਂ ਸਾਰੇ ਗੁਣਾਂ ਅਤੇ ਸ਼ਕਤੀਆਂ ਦਾ ਸੋਮਾ ਹੈ, ਭਾਵ ਸਾਗਰ ਹੈ। ਜਦੋਂ ਅਸੀਂ ਖੁੱਦ ਨੂੰ ਆਤਮਾ ਸਮਝਦੇ ਹਾਂ ਤਾਂ ਪਰਮਾਤਮਾ ਦੇ ਇਹਨਾਂ ਸਾਰੇ ਗੁਣਾਂ ਅਤੇ ਸ਼ਕਤੀਆਂ ਦਾ ਸੰਚਾਰ ਆਤਮਾ ਵਿਚ ਹੋਣ ਲਗਦਾ ਹੈ ਅਤੇ ਆਤਮਾ ਖੁੱਦ ਨੂੰ ਭਰਪੂਰ ਅਨੁਭਵ ਕਰਨ ਲਗਦੀ ਹੈ। ਇਸ ਅਵਸਥਾ ਵਿਚ ਇਕਾਗਰ ਹੋਣ ਦਾ ਅਭਿਆਸ ਵਧਾਉਂਦੇ ਜਾਣਾ ਹੈ। ਪਹਿਲਾ ਇਕ ਮਿੰਟ,ਫਿਰ ਦੋ, ਤਿੰਨ ਕਰਕੇ ਪੰਜ-ਦਸ ਮਿੰਟ ਤਕ ਇਕਾਗਰ ਹੋਣ ਨਾਲ ਇਹਨਾਂ ਗੁਣਾਂ ਅਤੇ ਸ਼ਕਤੀਆਂ ਦੀਆਂ ਤਰੰਗਾਂ ਆਤਮਾ ਤੋਂ ਨਿਕਲ ਕੇ ਸਰੀਰ ਦੇ ਰਾਹੀਂ ਬਾਹਰ ਫੈਲਣਾ ਸ਼ੁਰੂ ਕਰਦੀਆਂ ਹਨ ਅਤੇ ਪ੍ਰਕਿਰਤੀ ਸਹਿਤ ਸਭ ਨੂੰ ਇਸਦਾ ਅਨੁਭਵ ਹੋਣ ਲਗਦਾ ਹੈ।

ਵਰਤਮਾਨ ਸਮੇਂ ਖੁੱਦ ਨੂੰ ਦੇਹ ਸਮਝਕੇ ਕੀਤੇ ਜਾਣ ਵਾਲੇ ਵਿਚਾਰਾਂ ਦਾ ਬੁਰਾ ਪ੍ਰਭਾਵ ਪ੍ਰਕਿਰਤੀ ਸਹਿਤ ਜੀਵ-ਜੰਤੂ, ਪਸ਼ੂ-ਪੰਛੀ, ਪੇੜ, ਬਨਸਪਤੀ ਉੱਤੇ ਪੈ ਰਿਹਾ ਹੈ। ਪ੍ਰੰਤੂ ਰਾਜਯੋਗ ਦੇ ਅਭਿਆਸ ਨਾਲ ਆਤਮਾ ਦੇ ਸਰੂਪ ਵਿਚ ਟਿਕ ਕੇ ਵਿਚਾਰ ਕਰਨ ਨਾਲ ਪ੍ਰਕਿਰਤੀ ਸਹਿਤ ਸਭ ਉੱਤੇ ਬਹੁਤ ਚੰਗਾ ਪ੍ਰਭਾਵ ਪੈਂਦਾ ਹੈ ਕਿਉਂਕਿ ਆਤਮਿਕ ਸਥਿਤੀ ਵਿਚ ਵਿਕਾਰ ਰਹਿਤ ਵਿਚਾਰ ਚਲਦੇ ਹਨ।

ਰਾਜਯੋਗ ਵਿਚ ਆਤਮਾ, ਪਰਮਾਤਮ ਸ਼ਕਤੀਆਂ ਨੂੰ ਅਨੁਭਵ ਕਰਦੀ ਹੈ, ਉਸ ਸਮੇਂ ਆਤਮਾ ਦੇ ਅੰਦਰੋਂ ਨਿਕਲਣ ਵਾਲੀਆਂ ਤਰੰਗਾਂ ਦੁਆਰਾ ਵਾਯੂਮੰਡਲ ਬਦਲ ਜਾਂਦਾ ਹੈ। ਅਜਿਹੀ ਇਕਾਗਰ ਅਵਸਥਾ ਵਿਚ ਰਹਿ ਕੇ ਕਿੰਨੇ ਵੀ ਦੂਰ ਵਾਲੇ ਵਿਅੱਕਤੀ, ਵਸਤੂ ਜਾਂ ਬਨਸਪਤੀ ਪ੍ਰਤੀ ਵੀ ਅਗਰ ਅਸੀਂ ਸ੍ਰੇਸ਼ਟ ਸੰਕਲਪ ਕਰਦੇ ਹਾਂ ਤਾਂ ਉਸ ਦੂਰ ਵਾਲੇ ਵਿਅੱਕਤੀ ਪਸ਼ੂ ਜਾਂ ਬਨਸਪਤੀ ਦੇ ਹਰ ਜੀਨਜ਼ ਜਾਂ ਉਸ ਦੇ ਅੰਦਰ ਦੀ ਊਰਜਾ ਨੂੰ ਸਾਡੀ ਸ੍ਰੇਸ਼ਟ ਤਰੰਗਾਂ ਪ੍ਰਭਾਵਤ ਕਰਦੇ ਹਨ ਜਾਂ ਉਸ ਨੂੰ ਕਰਮਸ਼ੀਲ ਬਣਾ ਦਿੰਦੇ ਹਨ। ਇਹੋ ਪ੍ਰਯੋਗ ਅਸੀਂ ਜ਼ਮੀਨ ਅਤੇ ਬਨਸਪਤੀਆਂ ਨੂੰ ਨਿਰੋਗੀ ਕਰਨ ਅਤੇ ਸ਼ਕਤੀਸ਼ਾਲੀ ਬਨਾਉਣ ਵਾਸਤੇ ਕਰਨਾ ਹੈ।

ਰਾਜਯੋਗ ਦਾ ਪ੍ਰਯੋਗ ਫਸਲ ਉੱਤੇ ਕਰਨ ਲਈ ਸਭ ਤੋਂ ਪਹਿਲਾਂ ਪ੍ਰਕਿਰਤੀ ਦੇ ਪੰਜ ਤੱਤ ਧਰਤੀ, ਜਲ, ਵਾਯੂ, ਅਗਨੀ, ਆਕਾਸ਼ ਅਤੇ ਸਾਰੇ ਗ੍ਰਹਿ ਅਤੇ ਤਾਰਾਮੰਡਲ-ਇਹਨਾਂ ਸਭ ਨੂੰ ਪਰਮਾਤਮ ਸ਼ਕਤੀਆਂ ਦੀਆਂ ਤਰੰਗਾਂ ਦੇਣਾ ਜ਼ਰੂਰੀ ਹੈ, ਜਿਹਨਾਂ ਦੇ ਸਹਿਯੋਗ ਨਾਲ ਬਨਸਪਤੀ ਵਧਦੀ ਫੁਲਦੀ ਹੈ, ਅਨਾਜ ਅਤੇ ਫਲਾਂ ਦਾ ਨਿਰਮਾਣ ਹੁੰਦਾ ਹੈ। ਉਸ ਤੋਂ ਬਾਅਦ ਜਿਸ ਜ਼ਮੀਨ ਤੋਂ ਫਸਲ ਲੈਣੀ

ਹੈ ਉਸ ਜ਼ਮੀਨ ਨੂੰ ਪਰਮਾਤਮ ਸ਼ਕਤੀਆਂ ਦੀਆਂ ਤਰੰਗਾਂ ਦੇ ਕੇ ਨਿਰੋਗੀ ਅਤੇ ਸ਼ਕਤੀਸ਼ਾਲੀ ਬਣਾਉਣਾ ਹੈ। ਫਿਰ ਬੀਜ ਨੂੰ ਨਿਰੋਗੀ ਅਤੇ ਸ਼ਕਤੀਸ਼ਾਲੀ ਪੌਦਿਆਂ ਦੇ ਨਿਰਮਾਣ ਦੇ
ਯੋਗ ਬਨਾਉਣ ਲਈ ਪਰਮਾਤਮ ਸ਼ਕਤੀਆਂ ਨਾਲ ਬੀਜ ਦੇ ਅੰਦਰ ਦੀ ਊਰਜਾ ਨੂੰ ਪ੍ਰੇਰਤ ਕਰਨਾ ਹੈ। ਬੀਜ ਬੀਜਣ ਤੋਂ ਬੀਜ ਉੱਗਣ ਦੇ ਸਮੇਂ, ਪੌਦਿਆਂ ਦੇ ਵੱਧਣ ਦੇ ਸਮੇਂ, ਫਸਲ ਵਿਚ ਦਾਣਾ ਪੈਣ ਦੇ ਸਮੇਂ ਤੋਂ ਲੈ ਕੇ ਅਨਾਜ ਨਿਕਲਣ ਤਕ ਹਰ ਰੋਜ਼ ਯੋਗ ਦੇ ਪ੍ਰਯੋਗ ਦੁਆਰਾ ਪਰਮਾਤਮ ਸ਼ਕਤੀਆਂ ਦੀਆਂ ਤਰੰਗਾਂ ਜ਼ਮੀਨ, ਬੀਜ,ਪੌਦੇ ਅਤੇ ਅਨਾਜ ਨੂੰ ਦੇਣਾ ਜ਼ਰੂਰੀ ਹੈ। ਕੀੜੇ, ਰੋਗ, ਪੰਛੀ,ਪਸ਼ੂ ਆਦਿ ਤੋਂ ਫਸਲ ਨੂੰ ਬਚਾਉਣ ਲਈ ਪਰਮਾਤਮ ਸ਼ਕਤੀਆਂ ਦਾ ਸ਼ਾਕਾਸ਼ (ਤਰੰਗਾਂ) ਦੇ ਕੇ ਪੂਰੀ ਖੇਤੀ ਦੇ ਚਾਰੋ ਪਾਸੇ ਕਵੱਚ ਦੇ ਰੂਪ ਵਿਚ ਇਕ ਸ਼ਕਤੀਸ਼ਾਲੀ ਆਭਾਮੰਡਲ ਬਣਾਓ।

ਇਹ ਪ੍ਰਯੋਗ ਹਰ ਰੋਜ਼ ਇਕ ਹੀ ਸਮੇਂ, ਇਕ ਹੀ ਜਗ੍ਹਾ ਬੈਠ ਕੇ ਇਕ ਹੀ ਵਿਧੀ ਨਾਲ ਕਰਨਾ ਹੈ। ਇਸ ਦੇ ਲਈ ਚਾਹੇ ਖੇਤੀ ਵਿਚ ਬੈਠੋ ਜਾਂ ਕਿਤੇ ਵੀ ਖੇਤੀ ਤੋਂ ਕਿੰਨਾ ਵੀ ਦੂਰ, ਘਰ ਅੰਦਰ ਬੈਠ ਕੇ ਵੀ ਕਰ ਸਕਦੇ ਹੋ। ਸਿਰਫ ਵਿੱਧੀ ਅਤੇ ਨਿਯਮ ਵਿਚ ਬਦਲਾਵ ਨਾ ਆਵੇ। ਪਹਿਲਾਂ ਪੰਜ ਤੱਤਾਂ ਨੂੰ ਗ੍ਰਹਿਆਂ ਤੇ ਤਾਂਰਿਆਂ ਨੂੰ, ਫਿਰ ਪ੍ਰਯੋਗ ਵਾਲੀ ਜ਼ਮੀਨ ਨੂੰ ਤੇ ਫਸਲ ਨੂੰ ਇਸ ਪ੍ਰਕਾਰ ਯੋਗ ਦੁਆਰਾ ਪਰਮਾਤਮ ਸ਼ਕਤੀਆਂ ਦੀ ਅਨੁਭੂਤੀ ਕਰਾਓ।

ਦਿਨ ਭਰ ਵਿਚ ਜੋ ਵੀ ਸਮਾਂ ਮਿਲੇ ਤੱਦ ਪੰਜ ਮਿੰਟ ਲਈ ਖੇਤੀ ਵਿਚ ਜਾ ਕੇ ਕਿੱਧਰੇ ਵੀ ਬੈਠ ਕੇ ਇਕਾਗ੍ਰਤਾ ਨਾਲ ਯੋਗ ਦੀ ਅਨੁਭੂਤੀ ਕਰੋ ਅਤੇ ਜ਼ਮੀਨ ਜਾਂ ਫਸਲ ਨੂੰ ਵੀ ਕਰਾਓ। ਅਜਿਹੀ ਯੋਗਯੁਕਤ ਅਵਸਥਾ ਵਿੱਚ, ਸਨੇਹ ਅਤੇ ਪ੍ਰੇਮ ਨਾਲ ਫਸਲ ਨੂੰ ਦ੍ਰਿਸ਼ਟੀ ਨਾਲ ਨਿਹਾਲ ਕਰੋ, ਆਪਣੀਆਂ ਸ਼ੁੱਭ ਭਾਵਨਾਵਾਂ ਦੀ ਲੈਣ-ਦੇਣ ਕਰੋ, ਆਪਣੇਪਨ ਦੀਆਂ ਗੱਲਾਂ ਕਰੋ। ਜ਼ਮੀਨ ਨਾਲ ਮਾਂ ਦਾ ਰਿਸ਼ਤਾ ਜੋੜ ਕੇ ਗੱਲਾਂ ਕਰੋ ਅਤੇ ਫਸਲ ਨਾਲ ਬੱਚਿਆਂ ਵਾਂਗ ਗੱਲਾਂ ਕਰੋ, ਪਿਆਰ ਨਾਲ ਪਾਲਣਾ ਕਰੋ।

ਖੇਤੀ ਵਿਚ ਕੋਈ ਵੀ ਕਰਮ ਕਰਦੇ ਸਮੇਂ ਚਾਹੇ ਜ਼ਮੀਨ ਵਿਚ ਖਾਦ ਮਿਲਾਉਂਦੇ ਸਮੇਂ ਜਾਂ ਫਸਲ ਨੂੰ ਪਾਣੀ ਲਗਾਉਂਦੇ ਸਮੇਂ, ਘਾਹ-ਫੂਸ ਕੱਢਦੇ ਸਮੇਂ, ਟਾਨਿਕ ਜਾਂ ਕੀਟਰੋਧਕ ਛਿੜਕਦੇ ਸਮੇਂ ਆਪਣੇ ਆਤਮਿਕ ਸਰੂਪ ਵਿਚ ਟਿਕ ਕੇ ਪਰਮਾਤਮਾ ਪਿਤਾ ਦੀ ਯਾਦ ਵਿਚ ਕਰਮ ਕਰਨ ਨਾਲ, ਖਾਦ, ਟਾਨਿੱਕ ਅਤੇ ਕੀਟ-ਰੋਧਕ ਦੀ ਕਾਰਜਸ਼ੀਲਤਾ ਵਧੇਗੀ ਅਤੇ ਬਹੁਤ ਹੀ ਸੁੰਦਰ ਅਤੇ ਚਮਕਤਾਰੀ ਪ੍ਰਣਾਮ ਦਿਖਾਈ ਦੇਣਗੇ।

ਯੋਗ ਦੇ ਪ੍ਰਯੋਗ ਵਿਚ ਆਪਣੇ ਸੂਖਮ ਸਰੀਰ (ਫਰਿਸ਼ਤਾ ਸਰੂਪ) ਦੁਆਰਾ ਆਪਣੀ ਪ੍ਰਯੋਗ ਵਾਲੀ ਖੇਤੀ ਨੂੰ ਸੂਖਮਵਤਨ ਵਿਚ ਬਾਪ-ਦਾਦਾ ਨੂੰ ਸਨਮੁਖ ਲੈ ਜਾ ਕੇ ਬਾਪ-ਦਾਦਾ ਦੁਆਰਾ ਸਾਕਾਸ਼ ਭਾਵ ਵਾਇਬ੍ਰੇਸ਼ਨ ਦੇ ਕੇ ਜ਼ਮੀਨ ਅਤੇ ਫਸਲ ਨੂੰ ਹੋਰ ਵੀ ਸ਼ਕਤੀਸ਼ਾਲੀ ਬਣਾਓ। ਸੂਖਮਵਤਨ ਜਿੱਥੇ ਆਤਮਾ ਦਾ ਸੰਪੂਰਨ ਸਰੂਪ,ਇਸ ਸਾਕਾਰ ਜਗਤ (ਪੰਜ ਤੱਤ ਦੀ ਦੁਨਿਆ) ਤੋਂ ਪਾਰ ਸੂਖਮ ਜਗਤ

ਵਿਚ ਨਿਵਾਸ ਕਰਦਾ ਹੈ,ਜਿਸ ਨੂੰ ਲਾਇਟ ਦਾ ਵਤਨ, ਅਵਿੱਅਕਤ ਵਤਨ ਜਾਂ ਸੂਖਮਵਤਨ ਕਿਹਾ ਜਾਂਦਾ ਹੈ।

ਕਦੀ ਆਪਣੇ ਸ਼ਕਤੀਸ਼ਾਲੀ ਸ਼ੁਭ ਸੰਕਲਪਾਂ ਦੇ ਜ਼ਰੀਏ ਆਪਣੀ ਪ੍ਰਯੋਗ ਵਾਲੀ ਖੇਤੀ ਦੀ ਫਸਲ ਨੂੰ ਪਰਮਧਾਮ ਦੀਆਂ ਗੁੱਝੀਆਂ ਸ਼ਕਤੀਆਂ ਦੀਆਂ ਤਰੰਗਾਂ ਨਾਲ ਨਿਰੋਗੀ ਅਤੇ ਸ਼ਕਤੀਸ਼ਾਲੀ ਬਣਾਓ।(ਪਰਮਧਾਮ ਜੋ ਆਤਮਾ ਅਤੇ ਪਰਮਾਤਮਾ ਦਾ ਰਹਿਣ ਦਾ ਮੂਲ ਸਥਾਨ ਹੈ, ਜੋ ਇਹਨਾਂ ਪੰਜ ਤੱਤਾਂ ਤੋਂ ਪਾਰ ਲਾਲ ਸੁਨੇਹਿਰਾ ਪ੍ਰਕਾਸ਼ ਤੱਤ ਹੈ, ਜਿਸ ਨੂੰ ਬ੍ਰਹਮਾਂਡ ਵੀ ਆਖਦੇ ਹਨ)।

ਇਸੇ ਤਰ੍ਹਾਂ ਹੀ ਕਦੀ ਬਾਪਦਾਦਾ ਨੂੰ ਹੇਠਾ ਇਸ ਲੋਕ ਵਿਚ ਬੁਲਾ ਕੇ ਜ਼ਮੀਨ ਅਤੇ ਫਸਲ ਨੂੰ ਬਾਪਦਾਦਾ ਅਪਣੀ ਦ੍ਰਿਸ਼ਟੀ ਦੇ ਕੇ ਨਿਹਾਰ ਰਹੇ ਹਨ, ਇਹ ਦ੍ਰਿਸ਼ ਵੇਖੋ ਕਦੀ ਅਪਣੀ ਸ਼ਕਤੀ ਨਾਲ ਫਸਲ ਨੂੰ ਨਿਰੋਗੀ ਅਤੇ ਸ਼ਕਤੀਸ਼ਾਲੀ ਬਣਾ ਰਹੇ ਹਨ, ਇਹ ਅਨੁਭਵ ਕਰੋ।ਐਸਾ ਅਭਿਯਾਸ ਕਰੋ(ਬਾਪਦਾਦਾ-ਬ੍ਰਹਮਾ ਬਾਪ ਦੇ ਮਧਿਅਮ ਵਿਚ ਸ਼ਿਵ ਬਾਬਾ ਜਦੋਂ ਪ੍ਰਵੇਸ਼ ਕਰਦੇ ਹਨ ਉਦੋਂ ਬ੍ਰਹਮਾ ਨੂੰ ਬਾਪ ਅਤੇ ਸ਼ਿਵ ਬਾਬਾ ਨੂੰ ਦਾਦਾ ਭਾਵ ਗ੍ਰੈਂਡ ਫਾਦਰ ਕਹਿੰਦੇ ਹਨ) ।

ਕਦੀ ਇਸ ਤਰ੍ਹਾਂ ਅਭਿਆਸ ਵੀ ਕਰੋ ਕਿ ਆਪ ਦੀ ਪ੍ਰਯੋਗ ਵਾਲੀ ਖੇਤੀ ਗਲੋਬ ਦੇ ਉੱਪਰ ਹੈ ਅਤੇ ਪਰਮਧਾਮ(ਸ਼ਾਂਤੀਧਾਮ) ਹੇਠਾਂ ਆ ਗਿਆ ਹੈ। ਪਰਮਧਾਮ ਦੀ ਗਹਿਰੀ ਸ਼ਾਂਤੀ ਦੀ ਸ਼ਕਤੀ ਦੀ ਅਨੁਭੂਤੀ ਜ਼ਮੀਨ ਅਤੇ ਫਸਲ ਨੂੰ ਹੋ ਰਹੀ ਹੈ....। ਇਕਦਮ ਪਵਿਤਰ, ਸ਼ਾਂਤ ਅਤੇ ਸ਼ਕਤੀਸ਼ਾਲੀ ਵਾਤਾਵਰਣ ਵਿਚ ਫਸਲ ਵੱਡੀ ਹੋ ਰਹੀ ਹੈ....।

ਘਰ ਬੈਠੇ ਵੀ ਅਪਣੇ ਸੂਖਮ ਫਰਿਸ਼ਤੇ ਸਰੂਪ ਦੁਆਰਾ ਖੇਤੀ ਵਿਚ ਪਹੁੰਚ ਕੇ ਸਨੇਹ ਅਤੇ ਪ੍ਰੇਮ ਨਾਲ,ਸ੍ਰੇਸ਼ਟ ਸ਼ਕਤੀਸ਼ਾਲੀ ਸੰਕਲਪਾਂ ਨਾਲ ਸਾਕਾਸ਼ ਦੇਣਾ ਹੈ।ਕੋਈ ਹੋਰ ਵਿਸ਼ੇਸ਼ ਆਤਮਾਵਾਂ ਦਾ ਵੀ ਆਹਵਾਨ ਕਰਕੇ ਜ਼ਮੀਨ ਅਤੇ ਫਸਲ ਨੂੰ ਸਾਕਾਸ਼ ਦੇ ਸਕਦੇ ਹੋ। ਕੋਈ ਵੀ ਭੂੰਡੀ, ਰੋਗ ਜਾਂ ਕੀੜੇ ਦਾ ਅਸਰ ਫਸਲ ਉੱਤੇ ਦਿਖਾਈ ਦੇਵੇ ਤਾਂ ਤੁਰੰਤ ਪਵਿੱਤਰ ਸਰੂਪ ਵਿਚ ਸਥਿਤ ਹੋ ਕੇ ਪਵਿਤ੍ਰਤਾ ਦੇ ਸਾਗਰ ਪਰਮਾਤਮਾ ਦੀਆਂ ਪਵਿੱਤਰ ਕਿਰਣਾਂ ਫਸਲ ਨੂੰ ਦੇਵੋ, ਫਿਰ ਸ਼ਕਤੀਆਂ ਦੀਆਂ ਕਿਰਣਾਂ ਦੇਵੋ।ਸਮੇਂ ਅਨੁਸਾਰ ਖੇਤੀ ਵਿਚ ਪੰਦਰਾਂ ਦਿਨਾਂ ਜਾਂ ਮਹੀਨੇ ਵਿਚ ਇਕ ਬਾਰ ਸੰਗਠਿਤ ਰੂਪ ਵਿਚ ਯੋਗ ਕਰਨ ਨਾਲ ਵਾਯੂਮੰਡਲ ਨੂੰ ਸ਼ੁੱਧ ਅਤੇ ਸ਼ਕਤੀਸ਼ਾਲੀ ਬਨਾਉਣ ਵਿਚ ਮਦਦ ਮਿਲਦੀ ਹੈ।

ਇਸੇ ਤਰ੍ਹਾਂ ਆਤਮਾਂ ਦੇ ਮੂਲ ਗੁਣਾਂ ਤੇ ਆਧਾਰਤ ਰਾਜਯੋਗ ਦਾ ਅਭਿਆਸ ਕਰਨਾ ਹੈ। ਆਪਣੀਆਂ (ਆਤਮਾ ਦੇ) ਸਭ ਗੁਣਾਂ ਦੀਆਂ ਵਾਇਬ੍ਰੇਸ਼ਨ ਦਾ ਜ਼ਮੀਨ ਅਤੇ ਫਸਲ ਨੂੰ ਕਿਸ ਤਰ੍ਹਾਂ ਲਾਭ ਹੁੰਦਾ ਹੈ, ਆਓ ਦੇਖਦੇ ਹਾਂ।

(1) **ਗਿਆਨ ਸਰੂਪ** :- ਜਦੋਂ ਆਤਮਾ ਗਿਆਨ ਸਰੂਪ ਹੋ ਕੇ ਗਿਆਨ ਸੂਰਜ ਪਰਮਾਤਮਾ ਦੀ ਯਾਦ ਵਿਚ ਇਕਾਗਰ ਹੋ ਕੇ ਫਸਲ ਨੂੰ ਸ਼ੁਭ ਭਾਵਨਾਵਾਂ ਨਾਲ ਅਰਜ਼ੀ ਪਾਉਂਦੀ ਹੈ ਤਾਂ ਉਸ ਅਨੁਸਾਰ

ਫਸਲ ਵਲੋਂ ਪ੍ਰਤਿਕਿਰਿਆਂ ਮਿਲਦੀ ਹੈ। ਆਤਮਾ ਦੁਆਰਾ ਨਿਕਲਣ ਵਾਲੀਆਂ ਵਾਇਬ੍ਰੇਸ਼ਨ ਜਦੋਂ ਫਸਲ ਤਕ ਪਹੁੰਚ ਦੀਆਂ ਹਨ ਤਾਂ ਬਨਸਪਤੀ ਦੇ ਅੰਦਰ ਦੀਆਂ ਸਾਰੀਆਂ ਕਿਰਿਆਵਾਂ ਪ੍ਰੇਰਣਾ ਅਨੁਸਾਰ ਹੋਣ ਲਗ ਜਾਂਦੀਆਂ ਹਨ। ਜ਼ਮੀਨ ਤੋਂ ਅੰਨ ਦੇ ਕਣਾਂ ਦਾ ਜੜਾਂ ਰਾਹੀਂ ਪੱਤਿਆਂ ਤਕ ਜਾਣਾ, ਅੰਨ ਦਾ ਤਿਆਰ ਹੋਣਾ,ਅਤੇ ਤਿਆਰ ਹੋਇਆ ਅੰਨ ਆਪਣੀ ਜਗ੍ਹਾ ਤਕ ਪਹੁੰਚਣਾ, ਇਸ ਕਿਰਿਆ ਵਿਚ ਕੋਈ ਵੀ ਰੁਕਾਵਟ ਨਹੀਂ ਆਉਂਦੀ। ਬਨਸਪਤੀ ਵਿਚ ਅੰਨ ਦੇ ਵਾਧੇ ਦੀ ਕਿਰਿਆ ਵਿਚ ਵੀ ਇਸ ਅਭਿਆਸ ਨਾਲ ਜ਼ਿਆਦਾ ਲਾਭ ਹੁੰਦਾ ਹੈ।

ਇਕ ਪ੍ਰਯੋਗ-ਇਕ ਬਰਤਨ ਵਿਚ ਪਾਣੀ ਲੈ ਕੇ ਅਪਣੀ ਉਂਗਲੀ ਉਸ ਵਿਚ ਰੱਖੋ ਅਤੇ ਅਭਿਯਾਸ ਕਰੋ ਕਿ ਮੈਂ ਆਤਮਾ ਗਿਆਨ ਸਰੂਪ ਹਾਂ.....ਗਿਆਨ ਸੂਰਜ ਦੀਆਂ ਕਿਰਣਾਂ ਆਤਮਾ ਦੁਆਰਾ ਉਂਗਲੀ ਦੇ ਜ਼ਰੀਏ ਪਾਣੀ ਵਿਚ ਉੱਤਰ ਰਹੀਆਂ ਹਨ.....। ਦਸ ਮਿੰਟ ਤਕ ਇਸੇ ਇਕ ਸੰਕਲਪ ਤੇ ਇਕਾਗਰ ਹੋ ਜਾਓ। ਇਹ ਪਾਣੀ ਜ਼ਮੀਨ ਅਤੇ ਫਸਲ ਉੱਤੇ ਛਿੜਕਨੇ ਨਾਲ ਸਾਡੇ ਸ੍ਰੇਸ਼ਟ ਸੰਕਲਪਾਂ ਦਾ ਅਸਰ ਬਹੁਤ ਚੰਗਾ ਦਿਖਾਈ ਦੇਵੇਗਾ (ਧਿਆਨ ਰਹੇ-ਜਦੋਂ ਉਂਗਲੀ ਪਾਣੀ ਵਿਚ ਹੋਵੇ ਉਦੋਂ ਜ਼ਰਾ ਵੀ ਸ਼ੱਕ ਜਾਂ ਵਿਅਰਥ ਵਿਚਾਰ ਨਾ ਆਉਣ)।

(2) ਪਵਿੱਤਰ ਸਰੂਪ :-ਜਦੋਂ ਮੈਂ ਆਤਮਾ ਪਵਿੱਤਰ ਸਰੂਪ ਵਿਚ ਸਥਿਤ ਹੋ ਕੇ ਪਵਿਤ੍ਰਤਾ ਦੇ ਸਾਗਰ ਪਰਮਾਤਮਾ ਦੀ ਯਾਦ ਵਿਚ ਇਕਾਗਰ ਹੁੰਦੀ ਹੈ ਤਾਂ ਮੇਰੇ ਦੁਆਰਾ ਨਿਕਲਨ ਵਾਲੇ ਪਵਿੱਤਰ ਵਾਇਬ੍ਰੇਸ਼ਨ ਨਾਲ ਵਾਤਾਵਰਣ ਸ਼ੁੱਧ ਬਣਦਾ ਹੈ। ਜ਼ਮੀਨ ਅੰਦਰ ਜਾਂ ਫਸਲ ਵਿਚ ਪ੍ਰਦੂਸ਼ਨ ਦੁਆਰਾ ਜੋ ਵੀ ਅਪਵਿੱਤਰ ਰੋਗ ਜਾਂ ਕੀਟ ਹੈ ਉਹ ਨਸ਼ਟ ਹੁੰਦੇ ਅਤੇ ਜ਼ਮੀਨ ਅਤੇ ਫਸਲ ਦੇ ਨਿਰੋਗੀ ਬਣਨੇ ਵਿਚ ਮਦਦ ਮਿਲਦੀ ਹੈ। ਯੋਗ ਦੁਆਰਾ ਮਿਲਣ ਵਾਲੇ ਪਵਿੱਤਰ ਵਾਇਬ੍ਰੇਸ਼ਨ ਨਾਲ ਜ਼ਮੀਨ ਅਤੇ ਫਸਲ ਦੀ ਰੋਗ ਨਿਰੋਧਕ ਸ਼ਕਤੀ ਵੱਧ ਜਾਂਦੀ ਹੈ। ਅਸੀਂ ਪਵਿੱਤਰ ਸਰੂਪ ਵਿਚ ਸਥਿਤ ਹੋ ਕੇ ਪਾਣੀ ਵਿਚ ਉਂਗਲੀਆਂ ਰੱਖ ਕੇ ਪਵਿੱਤਰਤਾ ਦੇ ਸਾਗਰ ਪਰਮਾਤਮਾ ਦੀ ਯਾਦ ਵਿਚ ਦਸ ਮਿੰਟ ਤਕ ਇਕਾਗ੍ਰਤਾ ਦਾ ਅਨੁਭਵ ਕਰੀਏ ਕਿ ਪਵਿੱਤਰ ਕਿਰਣਾਂ ਆਤਮਾ ਤੋਂ ਨਿਕਲ ਕੇ ਉਂਗਲੀਆਂ ਰਾਹੀਂ ਪਾਣੀ ਵਿਚ ਜਾ ਰਹੀਆਂ ਹਨ। ਇਹ ਪਾਣੀ ਜ਼ਮੀਨ ਜਾਂ ਫਸਲ ਉੱਪਰ ਛਿੜਕਣ ਨਾਲ ਕੀੜੇ ਜਾਂ ਰੋਗ ਆਦਿ ਕੰਟਰੋਲ ਕਰਨ ਵਿਚ ਬਹੁਤ ਲਾਭ ਮਿਲਦਾ ਹੈ।

(3) ਸ਼ਾਂਤੀ ਸਰੂਪ :-ਜਦੋਂ ਆਤਮਾ ਸ਼ਾਂਤੀ ਸਰੂਪ ਵਿਚ ਸਥਿਤ ਹੋ ਕੇ ਸ਼ਾਂਤੀ ਦੇ ਸਾਗਰ ਪਰਮਾਤਮਾ ਦੀ ਯਾਦ ਵਿਚ ਇਕਾਗਰ ਹੁੰਦੀ ਹੈ ਤਾਂ ਆਤਮਾ ਦੁਆਰਾ ਨਿਕਲਣ ਵਾਲੇ ਸ਼ਾਂਤੀ ਦੇ ਵਾਇਬ੍ਰੇਸ਼ਨ ਜ਼ਮੀਨ ਅਤੇ ਫਸਲ ਨੂੰ ਪਹੁੰਚਣ ਨਾਲ ਪ੍ਰਦੂਸ਼ਨ ਦੁਆਰਾ ਜ਼ਮੀਨ ਅਤੇ ਬਨਸਪਤੀ ਵਿਚ ਜੋ ਤਨਾਅ ਆਉਂਦਾ ਹੈ ਉਹ ਸ਼ਾਂਤੀ ਦੇ ਵਾਇਬ੍ਰੇਸ਼ਨ ਨਾਲ ਦੂਰ ਹੁੰਦਾ ਹੈ। ਪੌਦਿਆਂ ਦੀ ਸਵਾਸ ਕਿਰਿਆ ਠੀਕ ਢੰਗ ਨਾਲ ਹੋਣ ਲਗਦੀ ਹੈ। ਰੌਸ਼ਨੀ ਨੂੰ ਜਜ਼ਬ ਕਰਨ ਦੀ ਕਿਰਿਆ ਵਧੀਆਂ ਚਲਦੀ ਹੈ। ਹਰੇ

ਰੰਗ ਦੇ ਰਸ ਦੀ ਮਾਤ੍ਰਾ ਵੱਧ ਹੋ ਜਾਂਦੀ ਹੈ ਅਤੇ ਬਨਸਪਤੀ ਦੇ ਅੰਦਰ ਦੀ ਕਿਰਿਆਵਾਂ ਸਹੀ ਢੰਗ ਨਾਲ ਹੁੰਦੀਆਂ ਹਨ।

ਇਕ ਬਰਤਨ ਵਿਚ ਪਾਣੀ ਲੈ ਕੇ ਉਸ ਵਿਚ ਉਂਗਲੀਆਂ ਰੱਖੋ।ਖੁਦ ਨੂੰ ਸ਼ਾਂਤ ਸਰੂਪ ਵਿਚ ਅਨੁਭਵ ਕਰਕੇ ਸ਼ਾਂਤੀ ਦੇ ਸਾਗਰ ਪਰਮਾਤਮਾ ਦੀ ਯਾਦ ਵਿਚ ਦਸ ਮਿੰਟ ਲਈ ਇਕਾਗਰ ਹੋ ਜਾਓ। ਗਹਿਰੀ ਸ਼ਾਂਤੀ ਦੀ ਅਨੁਭੂਤੀ ਕਰੋ। ਇਹ ਪਾਣੀ ਜ਼ਮੀਨ ਜਾਂ ਫਸਲ ਉੱਪਰ ਛਿੜਕਣ ਨਾਲ ਸ਼ਾਂਤੀ ਸਰੂਪ ਨਾਲ ਹੋਣ ਵਾਲੇ ਪ੍ਰਤੱਖ ਪ੍ਰਣਾਮ ਦਿਖਾਈ ਦੇਣਗੇ।

(4) ਪ੍ਰੇਮ ਸਰੂਪ :-ਜਦੋਂ ਆਤਮਾ ਪ੍ਰੇਮ ਸਰੂਪ ਵਿਚ ਸਥਿਤ ਹੋ ਕੇ ਪ੍ਰੇਮ ਦੇ ਸਾਗਰ ਪਰਮਾਤਮਾ ਦੀ ਯਾਦ ਵਿਚ ਲਵਲੀਨ ਹੋ ਕੇ,ਜ਼ਮੀਨ ਅਤੇ ਫਸਲਾਂ ਨੂੰ ਵੀ ਪ੍ਰੇਮ ਦੀ ਅਨੁਭੂਤੀ ਦੇ ਵਾਇਬ੍ਰੇਸ਼ਨ ਪਹੁੰਚਾਂਦੀ ਹੈ ਤਾਂ ਸ਼ੁੱਧ ਅਤੇ ਸ੍ਰੇਸ਼ਟ ਭਾਵਨਾਵਾਂ ਦਾ ਅਸਰ ਸਹਿਜ ਅਤੇ ਜਲਦੀ ਹੁੰਦਾ ਹੈ। ਬਨਸਪਤੀ ਵਿਚ ਜੋ ਵੀ ਕਿਰਿਆਵਾਂ ਹੁੰਦੀਆਂ ਹਨ, ਮੂਲਰਸ ਦਾ ਸ਼ੋਸ਼ਨ ਕਰਨਾ,ਫੁਲ-ਫਲ ਦਾ ਵਾਧਾ ਕਰਨਾ, ਪ੍ਰਕਾਸ਼ ਦਾ ਜ਼ਜ਼ਬ ਹੋਣਾ ਅਤੇ ਸੁਆਸ-ਕਿਰਿਆ ਆਦਿ ਵਿਚ ਵਾਇਬ੍ਰੇਸ਼ਨ ਨਾਲ ਬਹੁਤ ਮਦਦ ਮਿਲਦੀ ਹੈ। ਜ਼ਮੀਨ ਅੰਦਰ ਬਨਸਪਤੀ ਦੇ ਵਾਧੇ ਲਈ ਜਰੂਰੀ ਤੱਤਾਂ ਦਾ ਨਿਰਮਾਣ ਕਰਨ ਦੀ ਸ਼ਕਤੀ ਵੱਧ ਜਾਂਦੀ ਹੈ।

ਪਾਣੀ ਵਿਚ ਉਂਗਲੀਆਂ ਰੱਖ ਕੇ ਪ੍ਰੇਮ ਸਰੂਪ ਵਿਚ ਸਥਿਤ ਹੋ ਕੇ ਪ੍ਰੇਮ ਦੇ ਸਾਗਰ ਪਰਮਾਤਮਾ ਦੀ ਯਾਦ ਵਿਚ ਲਵਲੀਨ ਹੋ ਕੇ ਅਭਿਆਸ ਕਰੋ ਕਿ ਪ੍ਰੇਮ ਦੀਆਂ ਕਿਰਨਾਂ ਆਤਮਾ ਤੋਂ ਨਿਕਲ ਕੇ ਉਂਗਲੀਆਂ ਰਾਹੀਂ ਪਾਣੀ ਵਿਚ ਜਾ ਰਹੀਆਂ ਹਨ। ਇਹ ਪਾਣੀ ਜ਼ਮੀਨ ਵਿਚ ਫਸਲ ਉੱਪਰ ਛਿੜਕਣ ਨਾਲ ਪ੍ਰੇਮ ਸਰੂਪ ਤੋਂ ਹੋਣ ਵਾਲੇ ਪ੍ਰਤੱਖ ਪ੍ਰਣਾਮ ਦਿਖਾਈ ਦੇਣਗੇ।

(5) ਸੁੱਖ ਸਰੂਪ :- ਜਦੋਂ ਆਤਮਾ ਸੁੱਖ ਸਰੂਪ ਵਿਚ ਸਥਿਤ ਹੋ ਕੇ ਸੁੱਖ ਦੇ ਸਾਗਰ ਪਰਮਾਤਮਾ ਦੀ ਯਾਦ ਵਿਚ ਇਕਾਗਰ ਹੁੰਦੀ ਹੈ ਤਾਂ ਆਤਮਾ ਦੇ ਅੰਦਰੋ ਨਿਕਲਣ ਵਾਲੇ ਸੁੱਖ ਦੇ ਵਾਇਬ੍ਰੇਸ਼ਨ ਜ਼ਮੀਨ ਅਤੇ ਫਸਲ ਤਕ ਪਹੁੰਚਣ ਨਾਲ ਜੀਵਾਣੂਆਂ ਦੀ ਮਾਤਰਾ ਵੱਧ ਜਾਂਦੀ ਹੈ। ਜ਼ਿਆਦਾ ਸਮੇਂ ਤਕ ਕਾਰਜਸ਼ਕਤੀ ਵਧਦੀ ਹੈ ਅਤੇ ਬਨਸਪਤੀਆਂ ਵਿਚ ਮੁੱਢ (ਤਣਾ) ਅਤੇ ਟਾਹਣੀਆਂ ਵਿਚ ਵਾਧਾ ਹੁੰਦਾ ਹੈ। ਅਨਾਜ ਜਾਂ ਫਸਲ ਦਾ ਆਕਾਰ ਵੀ ਵੱਧ ਜਾਂਦਾ ਹੈ ਅਤੇ ਪੌਸ਼ਟਿਕਤਾ ਵੀ ਚੰਗੀ ਬਣ ਜਾਂਦੀ ਹੈ।

ਇਕ ਬਰਤਨ ਵਿਚ ਪਾਣੀ ਲੈ ਕੇ ਉਸ ਵਿਚ ਉਂਗਲੀਆਂ ਰਖੋ। ਸੁੱਖ ਸਰੂਪ ਵਿਚ ਸਥਿਤ ਹੋ ਕੇ ਸੁੱਖ ਦੇ ਸਾਗਰ ਪਰਮਾਤਮਾ ਦੀ ਯਾਦ ਵਿਚ ਦਸ ਮਿੰਟ ਇਕਾਗਰ ਹੋ ਕੇ ਅਨੁਭਵ ਕਰੋ ਕਿ ਆਤਮਾ ਵਿਚੋਂ ਨਿਕਲਣ ਵਾਲੀ ਸੁੱਖ ਦੀਆਂ ਕਿਰਣਾਂ ਉਂਗਲੀਆਂ ਰਾਹੀਂ ਪਾਣੀ ਅੰਦਰ ਜਾ ਰਹੀਆਂ ਹਨ। ਇਸ ਪਾਣੀ ਨੂੰ ਜਮੀਨ ਅਤੇ ਫਸਲ ਉੱਪਰ ਛਿੜਕਣ ਨਾਲ ਸੁੱਖ ਸਰੂਪ ਤੋਂ ਹੋਣ ਵਾਲੇ ਪ੍ਰਤੱਖ ਪ੍ਰਣਾਮ ਦਿਖਾਈ

ਦੇਣਗੇ।

(6) ਆਨੰਦ ਸਰੂਪ :-ਜਦੋਂ ਅਸੀਂ ਆਤਮ-ਅਭਿਮਾਨੀ ਬਣ ਕੇ ਆਨੰਦ ਸਰੂਪ ਵਿਚ ਸਥਿਤ ਹੋ ਕੇ ਆਨੰਦ ਦੇ ਸਾਗਰ ਪਰਮਾਤਮਾ ਦੀ ਯਾਦ ਵਿਚ ਇਕਾਗਰ ਹੁੰਦੇ ਹਾਂ ਤਾਂ ਆਤਮਾ ਚੋਂ ਨਿਕਲਣ ਵਾਲੇ ਆਨੰਦ ਦੇ ਵਾਇਬ੍ਰੇਸ਼ਨ ਜ਼ਮੀਨ ਅੰਦਰ ਜੀਵਾਣੂਆਂ ਦੀ ਕਾਰਜਸ਼ੀਲਤਾ ਵੱਧ ਜਾਂਦੀ ਹੈ। ਬਨਸਪਤੀ ਵਿਚ ਫੂਲ ਅਤੇ ਫਲ ਦੀ ਧਾਰਨਾ ਬਹੁਤ ਚੰਗੀ ਹੁੰਦੀ ਹੈ। ਫਸਲ ਤੇਜ਼ੀ ਨਾਲ ਉੱਗਦੀ ਹੈ, ਫਲ ਅਤੇ ਅਨਾਜ ਵਿਚ ਚਮਕ ਆਉਂਦੀ ਹੈ, ਮੁੜ ਉਤਪਾਦਨ ਲਈ ਸ਼ਕਤੀ ਮਿਲਦੀ ਹੈ।

ਪਾਣੀ ਵਿਚ ਉਂਗਲੀਆਂ ਰੱਖ ਕੇ ਆਨੰਦ ਸਰੂਪ ਵਿਚ ਟਿਕ ਕੇ ਆਨੰਦ ਦੇ ਸਾਗਰ ਪਰਮਾਤਮਾ ਦੀ ਯਾਦ ਵਿਚ ਦਸ ਮਿੰਟ ਤਕ ਇਕਾਗਰ ਹੋ ਜਾਓ ਅਭਿਆਸ ਕਰੋ ਕਿ ਆਤਮਾ ਦੁਆਰਾ ਨਿਕਲਣ ਵਾਲੇ ਆਨੰਦ ਦੇ ਵਾਇਬ੍ਰੇਸ਼ਨ ਉਂਗਲੀਆਂ ਰਾਹੀਂ ਪਾਣੀ ਵਿਚ ਪਹੁੰਚ ਰਹੇ ਹਨ। ਇਹ ਪਾਣੀ ਜ਼ਮੀਨ ਅਤੇ ਫਸਲ ਉੱਪਰ ਛਿੜਕਣ ਨਾਲ ਆਨੰਦ ਸਰੂਪ ਨਾਲ ਹੋਣ ਵਾਲੇ ਪ੍ਰਤੱਖ ਪ੍ਰਣਾਮ ਦਿਖਾਈ ਦੇਣਗੇ।

(7) ਸ਼ਕਤੀ ਸਰੂਪ :-ਜਦੋਂ ਅਸੀਂ ਸ਼ਕਤੀ ਸਰੂਪ ਹੋ ਕੇ ਸਰਬ ਸ਼ਕਤੀਮਾਨ ਪਰਮਾਤਮਾ ਦੀ ਯਾਦ ਵਿਚ ਇਕਾਗਰ ਹੁੰਦੇ ਹਾਂ ਤਾਂ ਆਤਮਾ ਚੋਂ ਨਿਕਲਣ ਵਾਲੇ ਸ਼ਕਤੀਆਂ ਦੇ ਵਾਇਬ੍ਰੇਸ਼ਨ ਜ਼ਮੀਨ ਅਤੇ ਬਨਸਪਤੀ ਤਕ ਪਹੁੰਚਣ ਨਾਲ ਜ਼ਮੀਨ ਸ਼ਕਤੀਸ਼ਾਲੀ ਬਣਦੀ ਹੈ,ਜਮੀਨ ਅੰਦਰ ਫਸਲ ਲਈ ਲੋੜੀਂਦੇ ਜੀਵਾਣੂਆਂ ਦੀ ਗਿਣਤੀ ਵਿਚ ਵਾਧਾ ਹੁੰਦਾ ਹੈ। ਬਨਸਪਤੀ ਸੁਦਰਿੜ ਅਤੇ ਸ਼ਕਤੀਸ਼ਾਲੀ ਹੋ ਕੇ ਵੱਡੀ ਹੁੰਦੀ ਹੈ। ਕਿਸੇ ਵੀ ਕੀਟ ਜਾਂ ਰੋਗ ਦਾ ਸਾਮ੍ਹਣਾ ਬਨਸਪਤੀ ਸਹਿਜ ਹੀ ਕਰ ਲੈਂਦੀ ਹੈ ਅਤੇ ਬਨਸਪਤੀ ਨੂੰ ਕੋਈ ਵੀ ਨੁਕਸਾਨ ਨਹੀਂ ਹੁੰਦਾ।ਉਤਪਾਦਨ ਵਧਾਉਣ ਵਿਚ ਸਾਡੇ ਸ਼ਕਤੀਸ਼ਾਲੀ ਵਾਇਬ੍ਰੇਸ਼ਨ ਬਹੁਤ ਹੀ ਮਦਦ ਕਰਦੇ ਹਨ।

ਇਕ ਬਰਤਨ ਵਿਚ ਪਾਣੀ ਪਾ ਕੇ ਉਸ ਵਿਚ ਉਂਗਲੀਆਂ ਰੱਖ ਕੇ ਸ਼ਕਤੀ ਸਰੂਪ ਬਣਕੇ ਸਰਵਸ਼ਕਤੀਮਾਨ ਪਰਮਾਤਮਾ ਦੀ ਯਾਦ ਵਿਚ ਇਕਾਗਰ ਹੋ ਕੇ ਅਭਿਆਸ ਕਰੋ ਕਿ ਮੇਰੀ ਆਤਮਾ ਦੁਆਰਾ ਨਿਕਲਣ ਵਾਲੀਆਂ ਸ਼ਕਤੀਆਂ ਦੇ ਵਾਇਬ੍ਰੇਸ਼ਨ ਉਂਗਲੀਆਂ ਰਾਹੀਂ ਪਾਣੀ ਵਿਚ ਜਾ ਰਹੇ ਹੈ, ਇਹ ਪਾਣੀ ਜਮੀਨ ਅਤੇ ਫਸਲ ਉੱਪਰ ਛਿੜਕਣ ਨਾਲ ਸ਼ਕਤੀ ਸਰੂਪ ਨਾਲ ਹੋਣ ਵਾਲੇ ਪ੍ਰਣਾਮ ਪ੍ਰਤੱਖ ਦਿਖਾਈ ਦੇਣਗੇ ।

(8) ਦੈਵੀ ਗੁਣ :-ਇਸੇ ਤਰ੍ਹਾਂ ਹੀ ਗੁਣ ਮੂਰਤ ਬਣ ਕੇ, ਦੈਵੀ ਗੁਣਾਂ ਦੇ ਭੰਡਾਰ ਪਰਮਾਤਮਾ ਦੀ ਯਾਦ ਵਿਚ ਇਕਾਗਰ ਹੋ ਕੇ ਜ਼ਮੀਨ ਅਤੇ ਫਸਲ ਨੂੰ ਵਾਇਬ੍ਰੇਸ਼ਨ ਦੇਣ ਨਾਲ ਅਨਾਜ ਵਿਚ ਸਾਤਵਿਕਤਾ ਆਉਂਦੀ ਹੈ, ਜਿਸ ਅਨਾਜ ਨੂੰ ਖਾਣ ਨਾਲ ਮਨੁੱਖ ਦੇ ਮਨ ਉੱਤੇ ਬਹੁਤ ਪ੍ਰਭਾਵ ਹੋਵੇਗਾ। ਕਹਾਵਤ ਹੈ "ਜੈਸਾ ਅੰਨ ਵੈਸਾ ਮਨ ਔਰ ਜੈਸਾ ਮਨ ਵੈਸਾ ਤਨ।"

ਯੋਗ ਦੁਆਰਾ ਬੀਜ ਦੀ ਸੋਧ

ਇਕ ਬਰਤਨ ਵਿਚ ਬੀਜ ਲੈ ਕੇ ਬਰਤਨ ਸਾਮ੍ਹਣੇ ਰਖੋ ਅਤੇ ਆਤਮ ਸਥਿਤੀ ਵਿਚ ਸਥਿਤ ਹੋ ਕੇ ਪਰਮਾਤਮਾ ਦੀ ਯਾਦ ਵਿਚ ਇਕਾਗਰ ਹੋ ਜਾਓ। ਇਸੀ ਅਵਸਥਾ ਵਿਚ ਰਹਿ ਕੇ ਅਭਿਆਸ ਕਰੋ ਕਿ ਪਰਮਾਤਮਾ ਚੋਂ ਨਿਕਲਣ ਵਾਲੀਆਂ ਲਾਲ ਸੁਨਹਿਰੀ ਕਿਰਣਾਂ ਮੇਰੀ ਦ੍ਰਿਸ਼ਟੀ ਦੁਆਰਾ ਬੀਜ ਵਿਚ ਪਹੁੰਚ ਰਹੀਆਂ ਹਨ ਅਤੇ ਇਕ ਇਕ ਬੀਜ ਪਿਤਾ ਪਰਮਾਤਮਾ ਸਮਾਨ ਚਮਕ ਰਿਹਾ ਹੈ। ਸੰਕਲਪ ਕਰੋ ਇਸ ਬੀਜ ਵਿਚੋਂ ਨਿਕਲਣ ਵਾਲੇ ਪੌਦੇ ਨਿਰੋਗੀ ਅਤੇ ਸ਼ਕਤੀਸ਼ਾਲੀ ਹੋ ਕੇ ਵੱਧ ਰਹੇ ਹਨ।

ਕਦੀ ਬੀਜ ਨੂੰ ਸੂਖਮ ਵਤਨ ਵਿਚ ਬਾਪਦਾਦਾ ਕੋਲ ਜਾਕੇ ਬਾਪਦਾਦਾ ਦੁਆਰਾ ਬੀਜ ਨੂੰ ਸਾਕਾਸ ਦਿਵਾਓ। ਅਨੁਭਵ ਕਰੋ ਕਿ ਬੀਜ ਅੰਦਰੋਂ ਲਾਲ ਸੁਨਹਿਰੇ ਪ੍ਰਕਾਸ਼ਮਈ ਬਣ ਰਹੇ ਹੈ ਅਤੇ ਬਾਹਰੋਂ ਪਵਿਤ੍ਰਤਾ ਦੀ ਸਫੇਦ ਕਿਰਣਾਂ (ਇਕ-ਇਕ ਬੀਜ) ਨੂੰ ਲਪੇਟ ਰਹੀਆਂ ਹਨ। ਐਸੇ ਹੀ ਸੰਕਲਪਾਂ ਦੇ ਆਧਾਰ ਤੇ ਬੀਜ ਨੂੰ ਪਰਮਧਾਮ ਵਿਚ ਪਰਮਾਤਮਾ ਪਿਤਾ ਦੇ ਨਜ਼ਦੀਕ ਲੈ ਜਾਵੋ। ਇਕਾਗਰ ਹੋ ਕੇ ਅਨੁਭਵ ਕਰੋ ਕਿ ਪਰਮਧਾਮ ਦੇ ਸ਼ਾਂਤ, ਪਵਿੱਤਰ ਅਤੇ ਸ਼ਕਤੀਸ਼ਾਲੀ ਵਾਤਾਵਰਣ ਵਿਚ ਇਕ-ਇਕ ਬੀਜ ਦੇ ਅੰਦਰ ਪਰਮਾਤਮਾ ਦੀ ਲਾਇਟ-ਮਾਇਟ ਦੀਆਂ ਕਿਰਣਾਂ ਉੱਤਰ ਰਹੀਆਂ ਹਨ ਅਤੇ ਬੀਜ ਚਮਕ ਰਹੇ ਹਨ। ਪਰਮਾਤਮ ਸ਼ਕਤੀਆਂ ਦੇ ਆਧਾਰ ਤੇ ਬੀਜ ਵਿਚੋਂ ਨਿਕਲਣ ਵਾਲੇ ਪੌਦੇ ਨਿਰੋਗੀ ਅਤੇ ਸ਼ਕਤੀਸ਼ਾਲੀ ਬਣਕੇ ਵਧਣਗੇ। ਅਨਾਜ ਦਾ ਝਾੜ ਵੱਧ ਨਿਕਲੇਗਾ ਅਤੇ ਅਨਾਜ ਤਾਕਤਵਰ ਹੋਵੇਗਾ।

ਇਸ ਰਾਜਯੋਗ ਦੇ ਅਭਿਯਾਸ ਦੇ ਲਈ ਤੜਕੇ ਅੰਮ੍ਰਿਤ ਵੇਲੇ 4 ਤੋਂ 5 ਵਜੇ ਦਾ ਸਮਾਂ ਬੜਾ ਉੱਤਮ ਹੈ। ਇਸ ਸਮੇਂ ਚਾਰੋਂ ਪਾਸੇ ਦਾ ਵਾਤਾਵਰਣ ਅਤਿ ਸ਼ਾਂਤ ਹੁੰਦਾ ਹੈ ਅਤੇ ਮਨ ਤਾਜ਼ਾ ਹੁੰਦਾ ਹੈ ਇਸ ਵਾਸਤੇ ਮਨ ਦੀ ਇਕਾਗ੍ਰਤਾ ਸਹਿਜ ਹੁੰਦੀ ਹੈ। ਆਪਣੇ ਘਰ ਦੇ ਕੋਈ ਵੀ ਸਵੱਛ ਤੇ ਸ਼ਾਂਤ ਜਗ੍ਹਾ ਨੂੰ ਯੋਗ ਅਭਿਆਸ ਲਈ ਨਿਸਚਿਤ ਕਰ ਲਵੋ ਤਾਂ ਸਫਲਤਾ ਸਹਿਜ ਮਿਲੇਗੀ।

ਰੋਜ਼ਾਨਾ ਲਗਾਤਾਰ ਸਾਰੇ ਨਿਯਮਾਂ ਦਾ ਪਾਲਨ ਕਰਦੇ ਹੋਏ ਰਾਜਯੋਗ ਦਾ ਅਭਿਆਸ ਕਰਨ ਵਾਲੇ ਸਭ ਭਾਈ-ਭੈਣ ਪਰਮਾਤਮਾ ਪਿਤਾ ਦੁਆਰਾ ਮਿਲੇ ਹੋਏ ਸਵੈਮਾਨ ਵਿਚ ਰਹਿ ਕੇ ਯੋਗ ਅਭਿਆਸ ਕਰਨ ਤਾਂ ਬਹੁਤ ਸੁੰਦਰ ਪ੍ਰਣਾਮ ਦਿਖਾਈ ਦੇਣਗੇ।

ਯੋਗ ਦੇ ਪ੍ਰਯੋਗ ਲਈ ਸਿਰਫ ਲੋੜ ਹੈ, ਪਰਮਾਤਮਾ ਉੱਤੇ ਵਿਸ਼ਵਾਸ ਪੱਕਾ ਕਰਨ ਦੀ ਅਤੇ ਜ਼ਮੀਨ ਤੇ ਫਸਲ ਨਾਲ ਸਨੇਹ ਅਤੇ ਪ੍ਰੇਮ ਦਾ ਰਿਸ਼ਤਾ ਜੋੜਨ ਦੀ। ਇਕ ਵਾਰ ਜੇਕਰ ਜ਼ਮੀਨ ਤੇ ਫਸਲ ਨਾਲ ਸਨੇਹ ਤੇ ਪ੍ਰੇਮ ਦਾ ਰਿਸ਼ਤਾ ਜੁੜ ਗਿਆ ਤਾਂ ਫਿਰ ਭਾਵੇਂ ਅਸੀਂ ਫਸਲ ਤੋਂ ਕਿੰਨੇ ਵੀ ਦੂਰ ਕਿਓ ਨਾ ਹੋਈਏ ਲੇਕਿਨ ਆਪਣੇ ਸੰਕਲਪ ਦੇ ਆਧਾਰ ਤੇ ਨਜ਼ਦੀਕ ਦਾ ਅਨੁਭਵ ਕਰ ਸਕਦੇ ਹਾਂ। ਸਾਡੀਆਂ ਭਾਵਨਾਵਾਂ ਨਾਲ ਬਨਸਪਤੀ ਪ੍ਰਭਾਵਤ ਹੁੰਦੀ ਹੈ ਅਤੇ ਉਸੇ ਅਨੁਸਾਰ ਫਲ ਦਿੰਦੀ ਹੈ। ਇਹਨਾਂ ਭਾਵਨਾਵਾਂ ਨੂੰ ਕੋਈ ਬਿਜਲੀ ਦੀ ਜਾਂ ਚੁੰਬਕ ਦੀ ਸ਼ਕਤੀ ਵੀ ਨਹੀਂ ਰੋਕ ਸਕਦੀ ਹੈ। ਇਸ ਵਿੱਚ ਪੂਰੀ ਸਫਲਤਾ

ਪ੍ਰਾਪਤ ਕਰਨ ਵਾਸਤੇ ਪੱਕਾ ਇਰਾਦਾ ਅਤੇ ਨਿਸ਼ਚੇ ਦੇ ਨਾਲ ਪਰਮਾਤਮਾ ਦੁਆਰਾ ਦਰਸਾਏ ਨਿਯਮਾਂ ਦੀ ਪਾਲਨਾ ਬਹੁਤ ਜਰੂਰੀ ਹੈ।

ਰਾਜਯੋਗ ਕਾਮੇਂਟਰੀ

(1) ਪਹਿਲਾਂ ਖੁੱਦ ਨੂੰ ਆਤਮਾ ਨਿਸਚੇ ਕਰੋ........ਆਪਣੇ ਸਰੂਪ ਦੀ ਅਨੁਭੂਤੀ ਕਰੋ.....ਮੈਂ ਆਤਮਾ ਪੁਆਇੰਟ ਆਫ ਲਾਇਟ ਹਾਂ.......ਪ੍ਰਕਾਸ਼ਮਈ ਹਾਂ....ਗਿਆਨ ਸਰੂਪ ਹਾਂ.....ਪਵਿੱਤਰ ਸਰੂਪ ਹਾਂ.....ਸ਼ਾਂਤ ਸਰੂਪ ਹਾਂ.....ਪ੍ਰੇਮ ਸਰੂਪ ਹਾਂ.....ਸੁੱਖ ਸਰੂਪ ਹਾਂ......ਆਨੰਦ ਸਰੂਪ ਹਾਂ..... ਸ਼ਕਤੀ ਸਰੂਪ ਹਾਂ...... ਹੁਣ ਪਰਮਧਾਮ ਵਿਚ ਪਰਮਪਿਤਾ ਪਰਮਾਤਮਾ ਨੂੰ ਯਾਦ ਕਰੋ......ਉਹ ਵੀ ਪ੍ਰਕਾਸ਼ਮਈ ਹੈ......ਪੁਆਇੰਟ ਆਫ ਲਾਇਟ ਹੈ........ਤੇਜੋਮਈ ਹੈ....... ਗਿਆਨ ਸੂਰਜ ਹੈ.......ਮੇਰੇ ਅੰਦਰ ਗਿਆਨ ਸੂਰਜ ਦੀਆਂ ਕਿਰਣਾਂ ਸਮਾ ਰਹੀਆਂ ਹਨ.......ਪਰਮਾਤਮਾ ਪਵਿਤ੍ਰਤਾ ਦਾ ਸਾਗਰ ਹੈ......ਮੈਂ ਆਤਮਾ ਸੰਪੂਰਨ ਪਵਿਤਰ ਬਣਦੀ ਜਾ ਰਹੀ ਹਾਂ.......ਪ੍ਰੇਮ ਦੇ ਸਾਗਰ ਪਰਮਾਤਮਾ ਤੋਂ ਪ੍ਰੇਮ ਦੀਆਂ ਕਿਰਣਾਂ ਮੇਰੇ ਉੱਤੇ ਪੈ ਰਹੀਆਂ ਹਨ ਅਤੇ ਮੈਂ ਆਤਮਾ ਪ੍ਰੇਮ ਨਾਲ ਭਰਪੂਰ ਹੋ ਰਹੀ ਹਾਂ.......ਮੈਂ ਆਤਮਾ ਸੁੱਖ ਸਰੂਪ ਹਾਂ......ਸੁੱਖ ਦੇ

ਸਾਗਰ ਚੋਂ ਸੁੱਖ ਦੀਆਂ ਕਿਰਣਾਂ ਆਤਮਾ ਉੱਤੇ ਪੈ ਰਹੀਆਂ ਹਨ ਅਤੇ ਮੈਨੂੰ ਅਤਿਇੰਦਰੀ ਸੁੱਖ ਦਾ ਅਨੁਭਵ ਕਰਾ ਰਹੀਆਂ ਹਨ।...... ਪਰਮਾਤਮਾ ਆਨੰਦ ਦਾ ਸਾਗਰ ਹੈ........ਆਨੰਦ ਦੀਆਂ ਕਿਰਣਾਂ ਮੇਰੇ ਉੱਪਰ ਉਤਰ ਰਹੀਆਂ ਹਨ......ਮੈਂ ਆਤਮਾ ਅਨੰਦਿਤ ਹੋ ਰਹੀ ਹਾਂ......ਸਰਬ ਸ਼ਕਤੀਮਾਨ ਪਰਮਾਤਮਾ ਤੋਂ ਨਿਕਲਣ ਵਾਲੀ ਸਰਬ ਸ਼ਕਤੀਆਂ ਦੀ ਕਿਰਣਾਂ ਆਤਮਾ ਉੱਤੇ ਪੈ ਰਹੀਆਂ ਹਨ....... ਆਤਮਾ ਸਰਬ ਸ਼ਕਤੀਆਂ ਨਾਲ ਭਰਪੂਰ ਹੋ ਰਹੀ ਹਾਂ ...... ਪਰਮਾਤਮਾ ਦੈਵੀ ਗੁਣਾਂ ਦਾ ਭੰਡਾਰ ਹੈ- ਆਤਮਾ ਨੂੰ ਦੈਵੀ ਗੁਣਾਂ ਨਾਲ ਭਰਪੂਰ ਕਰ ਰਹੇ ਹਨ....... ਮੈਂ ਆਤਮਾ ਪਰਮਾਤਮਾ ਦੇ ਸਮਾਨ ਸਰਬ ਗੁਣਾਂ ਅਤੇ ਸ਼ਕਤੀਆਂ ਨਾਲ ਸੰਪੰਨ ਵਾ ਸੰਪੂਰਨ ਬਣ ਰਹੀ ਹਾਂ । ਇਸ ਪ੍ਰਕਾਰ ਉੱਪਰ ਦੱਸੇ ਗਏ ਇਕ ਇਕ ਸੰਕਲਪ ਦੇ ਸਰੂਪ ਵਿਚ ਇਕਾਗਰ ਹੋ ਕੇ, ਯੋਗਯੁਕਤ ਹੋ ਕੇ ਸੰਕਲਪਾਂ ਦੇ ਮਾਧਿਅਮ ਰਾਹੀਂ ਜ਼ਮੀਨ ਅਤੇ ਫਸਲ ਨੂੰ ਵਾਇਬ੍ਰੇਸ਼ਨ ਦੇਣ ਨਾਲ ਬਹੁਤ ਹੀ ਸੁੰਦਰ ਪ੍ਰਣਾਮ ਦੇਖਣ ਨੂੰ ਮਿਲਣਗੇ।

(2) ਸਭ ਤੋਂ ਪਹਿਲਾਂ ਖੁੱਦ ਨੂੰ ਕੋਈ ਨਾ ਕੋਈ ਸਵੈਮਾਨਧਾਰੀ ਅਨੁਭਵ ਕਰੋ..... ਉਸ ਦਾ ਸ ਰੂ ਪ ਅਨੁਭਵ ਕਰੋ.......ਹੌਲੀ ਹੌਲੀ ਅਪਣਾ ਫਰਿਸ਼ਤਾ ਸਰੂਪ ਇਮਰਜ ਕਰੋ......ਮੈਂ ਫ ਿ ਰ ਸ਼ ਤ ਾ ਹਲਕਾ ਅਤੇ ਪ੍ਰਕਾਸ਼ਮਈ.......ਸੂਖਮ-ਵਤਨ ਵੱਲ ਸੈਰ ਕਰ ਰਿਹਾ ਹਾਂ......ਖੁੱਦ ਨੂੰ ਸੂਖਮਵਤਨ ਵਿਚ ਬਾਪਦਾਦਾ ਦੇ ਸਨਮੁਖ ਅਨੁਭਵ ਕਰੋ......ਆਪਣੀ ਕਮੀ ਕਮਜ਼ੋਰੀ ਨੂੰ ਕੱਢ ਕੇ ਖੁਦ ਨੂੰ ਸੰਪੰਨ ਅਤੇ ਸੰਪੂਰਨ ਅਨੁਭਵ ਕਰੋ.......ਹੋਲੀ ਹੋਲੀ ਅਪਣੇ ਫਰਿਸ਼ਤਾ ਰੂਪ ਨੂੰ ਮਰਜ ਕਰੋ.......ਮੈਂ

ਆਤਮਾ ਪੁਆਇੰਟ ਆਫ ਲਾਇਟ......ਪਰਮਧਾਮ ਵਲ ਜਾ ਰਹੀ ਹਾਂ.......ਪਰਮਧਾਮ ਵਿਚ ਪਰਮਾਤਮਾ ਦੇ ਕੋਲ ਇਕਦਮ ਨਜਦੀਕ ਅਤੇ ਸਮਾਨਤਾ ਦਾ ਅਨੁਭਵ ਕਰੋ........ਇਕਾਗਰ ਹੋ ਕੇ ਇਸ

ਬੀਜ ਰੂਪ ਅਵਸਥਾ ਅੰਦਰ (5 ਮਿੰਟ ਤਕ) ਟਿਕਣ ਦਾ ਅਭਿਆਸ ਕਰੋ ਕਿ ਪਿਤਾ ਪਰਮਾਤਮਾ ਦੁਆਰਾ ਨਿਕਲਣ ਵਾਲੀਆਂ ਗਿਆਨ .... ਪਵਿੱਤਰਤਾ....... ਸ਼ਾਂਤੀ . . . . ਪ੍ਰੇਮ.....ਸੁੱਖ..... ਆਨੰਦ...... ਸ਼ਕਤੀ ਦੀਆਂ ਕਿਰਣਾਂ ਆਤਮਾ ਵਿਚ ਉੱਤਰ ਕੇ ਮੇਰੇ ਦੁਆਰਾ ਪ੍ਰਿਥਵੀ, ਜਲ, ਵਾਯੂ, ਅਕਾਸ਼, ਸੂਰਜ, ਚੰਦ, ਤਾਰੇ, ਗਰਿਹਾਂ ਤੱਕ ਪਹੁੰਚ ਰਹੀ ਹੈ.....ਸੱਭ ਪਾਵਨ ਸ਼ਾਂਤ ਅਤੇ ਸ਼ਕਤੀਸ਼ਾਲੀ ਬਣ ਰਹੇ ਹੈ.......ਜੀਵ ਜੰਤੂ, ਕੀਟ, ਪਸ਼ੂ-ਪੰਛੀ ਪ੍ਰਾਣੀ ਸਭ ਨੂੰ ਪਰਮਾਤਮ ਸ਼ਕਤੀਆਂ ਦੀ ਅਨੁਭੂਤੀ ਹੋ ਰਹੀ ਹੈ......ਸ਼ਾਂਤੀ, ਪ੍ਰੇਮ,ਸੁੱਖ, ਆਨੰਦ, ਸ਼ਕਤੀਆਂ ਨਾਲ ਭਰਪੂਰ ਹੋ ਰਹੇ ਹਨ ......ਸਾਰੇ ਪਾਸੇ ਸ਼ਾਂਤੀ ਹੀ ਸ਼ਾਂਤੀ......ਇਕਾਗਰ ਹੋ ਕੇ ਇਸ ਸੰਕਲਪ ਵਿਚ (5 ਮਿੰਟ ਲਈ) ਸਥਿਤ ਰਹੋ।

ਇਸ ਸੰਪੂਰਨ ਅਵੱਸਥਾ ਨਾਲ ਲਾਇਟ ਮਾਇਟ ਆਤਮਾ ਸੂਖਮ ਵਤਨ ਅੰਦਰ ਆਕੇ ਫਰਿਸ਼ਤਾ ਸਰੂਪ ਧਾਰਣ ਕਰਦੀ ਹੈ........ਬਾਪਦਾਦਾ ਦੇ ਸਨਮੁਖ ਜਾ ਕੇ ਬਾਪਦਾਦਾ ਨੂੰ ਬੇਨਤੀ ਕਰਕੇ ਹੇਠਾ ਲੈ ਆਓ......ਆਪਣੀ ਪ੍ਰਯੋਗ ਵਾਲੀ ਖੇਤੀ ਬਾਪਦਾਦਾ ਨੂੰ ਦਿਖਾਓ......ਰੂਹ ਰਿਹਾਨ ਕਰੋ ਅਤੇ ਅਨੁਭਵ ਕਰੋ ਕਿ ਹੁਣ ਬਾਪਦਾਦਾ ਜ਼ਮੀਨ ਅਤੇ ਫਸਲ ਨੂੰ ਆਪਣੀ ਸ਼ਕਤੀਸ਼ਾਲੀ ਦ੍ਰਿਸ਼ਟੀ ਦੁਆਰਾ ਨਿਹਾਲ ਕਰ ਰਹੇ ਹੈਂ......ਸਾਕਾਸ਼ ਦੇ ਰਹੇ ਹੈਂ....ਬਾਪਦਾਦਾ ਦੇ ਨੈਣਾਂ ਦੁਆਰਾ ਪਵਿਤ੍ਰਤਾ ਅਤੇ ਸ਼ਕਤੀਆਂ ਦੀਆਂ ਕਿਰਣਾਂ ਜ਼ਮੀਨ ਅਤੇ ਫਸਲ ਨੂੰ ਨਿਰੋਗੀ ਅਤੇ ਸ਼ਕਤੀਸ਼ਾਲੀ ਬਣਾ ਰਹੀਆਂ ਹਨ......ਜ਼ਮੀਨ ਅੰਦਰ ਫਸਲ ਨੂੰ ਵਧਾਉਣ ਲਈ ਲੋੜੀਂਦਾ ਅੰਨ ਦਾ ਰਸ ਤਿਆਰ ਹੋ ਰਿਹਾ ਹੈ........ਫਸਲ ਸਿਰ ਕੱਢ ਰਹੀ ਹੈ.......ਐਸੇ ਐਸੇ ਸ਼ੁੱਭ, ਸ਼ੁੱਧ ਸੋਚ-ਵਿਚਾਰ ਦੇ ਸੰਕਲਪ ਮਨ ਵਿਚ ਚਲਦੇ ਰਹਿਣ। ਫਸਲ ਵਿਚ ਦਾਣਾ ਭਰਨ ਦੇ ਸਮੇਂ ਪਰਮਾਤਮਾ ਦੁਆਰਾ ਸ਼ਾਂਤੀ, ਪ੍ਰੇਮ, ਸੁੱਖ, ਆਨੰਦ, ਸ਼ਕਤੀਆਂ ਦੀਆਂ ਕਿਰਣਾਂ ਫਸਲ ਨੂੰ ਦੇਵੋ......ਪਰਮਾਤਮ ਸ਼ਕਤੀਆਂ ਨਾਲ ਅਨਾਜ ਵਿਚ ਸਾਤਵਿਕਤਾ ਅਤੇ ਪੌਸ਼ਟਿਕਤਾ ਵੱਧ ਰਹੀ ਹੈ.....ਅਨਾਜ ਦਾ ਸਾਇਜ਼ ਵੀ ਵੱਧ ਰਿਹਾ ਹੈ.....ਐਵੈਂ-ਐਵੈਂ ਸ੍ਰੇਸ਼ਟ ਅਤੇ ਸ਼ੁਭ ਸੰਕਲਪ ਕਰੋ......।

ਪਰਮਾਤਮਾ ਦੀ ਪਵਿੱਤਰ ਅਤੇ ਸ਼ਕਤੀਸ਼ਾਲੀ ਕਿਰਣਾਂ ਫਸਲ ਉੱਤੇ ਪੈ ਰਹੀਆਂ ਹਨ.....ਕੋਈ ਵੀ ਕੀੜੇ, ਰੋਗ ਜਾਂ ਪ੍ਰਾਣੀ ਤੋਂ ਫਸਲ ਨੂੰ ਨੁਕਸਾਨ ਨਾ ਹੋਵੇ......ਫਸਲ ਦੇ ਚਾਰੋ ਪਾਸੇ ਆਭਾਮੰਡਲ ਬਣਾਓ......ਪਵਿੱਤਰਤਾ ਦਾ ਸ਼ਕਤੀ ਦਾ......।

ਖੇਤੀ ਵਿਚ ਕਰਮ ਕਰਦੇ ਸਮੇਂ ਸੰਪੂਰਨ ਫਰਿਸ਼ਤਾ ਰੂਪ ਹੋ ਕੇ ਕੰਮ ਕਰੋ......। ਪਰਮਾਤਮਾ ਦੀਆਂ ਸ਼ਕਤੀਆਂ ਮੁੱਝ ਫਰਿਸ਼ਤੇ ਦੁਆਰਾ ਜ਼ਮੀਨ ਅਤੇ ਫਸਲ ਨੂੰ ਮਿਲ ਰਹੀ ਹੈ....ਗਹਰੀ ਸ਼ਾਂਤੀ ਦੀਆਂ ਕਿਰਣਾਂ ਪੂਰੀ ਖੇਤੀ ਅੰਦਰ ਫੈਲ ਰਹੀ ਹੈਂ.......ਅਨੁਭਵ ਕਰੋ.......।

ਕਦੀ ਖੇਤੀ ਨੂੰ ਸੂਖਮਵਤਨ ਵਿਚ ਬਾਪਦਾਦਾ ਦੇ ਪਾਸ ਲੈ ਜਾਓ........ ਬਾਪਦਾਦਾ ਸਾਕਾਸ਼ ਦੇ ਰਹੇ ਹਨ.....ਗਿਆਨ....ਪਵਿਤ੍ਰਤਾ.......ਸ਼ਾਂਤੀ..... ਪ੍ਰੇਮ...ਸੁੱਖ....ਆਨੰਦ...ਸ਼ਕਤੀ.....ਗੁਣ.....ਭਰਪੂਰਤਾ ਦਾ ਅਨੁਭਵ ਕਰੋ ਅਤੇ ਕਦੀ ਫਸਲ ਨੂੰ ਪਰਮਧਾਮ ਦੀ ਗਹਿਰੀ ਸ਼ਾਂਤੀ ਦੀ ਅਨੁਭੂਤੀ ਕਰਾਓ......ਹਜ਼ਾਰਾਂ ਸੂਰਜਾਂ ਤੋਂ ਤੇਜੋਮਈ......ਪੁਆਇੰਟ ਆਫ ਲਾਇਟ...ਪਰਮਾਤਮਾ ਚੋਂ ਨਿਕਲਨ ਵਾਲੀ ਕਿਰਣਾਂ ਇਕ-ਇਕ ਪੌਦੇ ਵਿਚ ਉਤਰ ਰਹੀਆਂ ਹਨ - ਸਾਰੇ ਪਾਸੇ ਸ਼ਾਂਤੀ ਹੀ ਸ਼ਾਂਤੀ......ਜ਼ਮੀਨ ਅਤੇ ਫਸਲ ਨੂੰ ਅਨੁਭੂਤੀ ਕਰਾਓ.......।

ਜ਼ਮੀਨ ਨੂੰ ਸ਼ਕਤੀਸ਼ਾਲੀ ਬਨਾਉਣ ਲਈ ਖਾਦ ਤਿਆਰ ਕਰਦੇ ਸਮੇਂ ਖਾਦ ਨੂੰ ਯੋਗਯੁਕਤ ਹੋ ਕੇ ਪਰਮਾਤਮ ਸ਼ਕਤੀਆਂ ਨਾਲ ਭਰਪੂਰ ਕਰੋ..... ਸੰਕਲਪ ਕਰੋ ਕਿ ਇਹ ਖਾਦ ਫਸਲ ਨੂੰ ਨਿਰੋਗੀ ਅਤੇ ਮਜ਼ਬੂਤ ਬਣਾਉਣ ਵਿਚ ਮਦਦ ਕਰੇਗੀ......ਖਾਦ ਦੇ ਉੱਪਰ ਵਰਦਾਨੀ ਹੱਥ ਰੱਖ ਕੇ ਅਨੁਭੂਤੀ ਕਰੋ ਕਿ ਆਤਮਾ ਤੋਂ ਇਹਨਾਂ ਹੱਥਾਂ ਰਾਹੀਂ ਪਰਮਾਤਮਾ ਦੀ ਸ਼ਕਤੀਆਂ ਦੇ ਵਾਇਬ੍ਰੇਸ਼ਨ ਖਾਦ ਵਿਚ ਭਰ ਰਹੇ ਹਨ......ਖਾਦ ਵਿਚ ਤਾਕਤ ਭਰ ਰਹੀ ਹੈ......ਕੋਈ ਟਾਨਿਕ ਬਣਾਉਂਦੇ ਸਮੇਂ ਇਹੀ ਅਭਿਆਸ ਕਰੋ....ਛਿੜਕਾਅ ਕਰਦੇ ਸਮੇਂ ਵੀ ਯੋਗਯੁਕਤ ਹੋ ਕੇ ਪਰਮਾਤਮ ਸ਼ਕਤੀਆਂ ਦੇ ਨਾਲ ਛਿੜਕਾਓ ਕਰੋ........।ਰੋਗ ਜਾਂ ਕੀਟ ਨਿਰੋਧਕ ਦਵਾਈਆਂ ਤਿਆਰ ਕਰਦੇ ਸਮੇਂ ਪਵਿਤ੍ਰਤਾ ਦੇ ਵਾਇਬ੍ਰੇਸ਼ਨ ਨਾਲ ਭਰਪੂਰ ਕਰਦੇ ਰਹੋ.....। ਬੀਜ ਨੂੰ ਬਾਪਦਾਦਾ ਦੇ ਸਨਮੁਖ ਲੈ ਜਾਓ.......।

ਜ਼ਮੀਨ ਨੂੰ ਸ਼ਕਤੀਸ਼ਾਲੀ ਬਨਾਉਣ ਦੇ ਲਈ

ਪ੍ਰਕਿਰਤੀ ਵਲੋਂ ਪੇੜ ਪੌਦਿਆਂ ਦੀ ਪਰਵਰਿਸ਼ ਲਈ ਪਹਿਲਾਂ ਹੀ ਵਿਵਸਥਾ ਕੀਤੀ ਹੋਈ ਹੈ। ਜ਼ਮੀਨ ਅੰਦਰ ਜੋ ਹੈ ਉਸੇ ਵਿਚੋਂ ਪੇੜ ਪੌਦੇ ਨੂੰ ਜੋ ਚਾਹੀਦਾ ਹੈ ਉਸ ਦਾ ਨਿਰਮਾਣ ਕਰਨ ਦੀ ਸ਼ਕਤੀ ਉਹਨਾਂ ਵਿਚ ਕੁਦਰਤ ਵਲੋਂ ਹੀ ਮੌਜੂਦ ਹੈ। ਅੱਜ ਪੇੜਾਂ ਦੀ ਕਟਾਈ ਅਤੇ ਰਸਾਇਣਕ ਖਾਦ, ਨਦੀਨ ਨਾਸ਼ਕ ਤੇ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਨਾਲ ਬਨਸਪਤੀ ਦੀ ਪੋਸ਼ਣ ਵਿਵਸਥਾ ਗੜਬੜਾ ਗਈ ਹੈ, ਜਮੀਨ ਸ਼ਕਤੀਹੀਨ ਬਣ ਗਈ ਹੈ। ਅਜਿਹੀ ਜਮੀਨ ਨੂੰ ਫਿਰ ਤੋਂ ਸ਼ਕਤੀਸ਼ਾਲੀ ਬਨਾਉਣ ਦੇ ਲਈ ਪੇੜ ਪੌਦਿਆਂ ਦਾ ਉਗਾਣਾ ਅਤੇ ਜਮੀਨ ਵਿਚ ਸਜੀਵ ਅਤੇ ਜੈਵਿਕ ਖਾਦ ਇਸਤੇਮਾਲ ਕਰਨਾ ਜਰੂਰੀ ਹੋ ਗਿਆ ਹੈ।ਵਰਤਮਾਨ ਸਮੇਂ ਪ੍ਰਕਿਤੀ ਨਾਲ ਮਿਲਜੁਲ ਕੇ ਚਲਨਾ ਬਹੁਤ ਜਰੂਰੀ ਹੈ।ਇਸ ਦੇ ਲਈ ਅਧਿਆਤਮਿਕਤਾ ਦਾ ਆਧਾਰ ਲੈਣਾ ਬਹੁਤ ਜ਼ਰੂਰੀ ਹੈ ।

ਸਜੀਵ ਅਤੇ ਜੈਵਿਕ ਖਾਦ ਬਨਾਉਣ ਦੇ ਤਰੀਕੇ :-

(1) ਸੱਭ ਤੋਂ ਪਹਿਲਾਂ ਧਿਆਨ ਰਹੇ ਕਿ ਕੋਈ ਵੀ ਫਸਲ ਵਿਚੋਂ ਅਨਾਜ ਕੱਢ ਲੈਣ ਤੋਂ ਬਾਅਦ ਜੋ ਰਹਿੰਦ ਖੂਹਦ (ਵੇਸਟ ਪਾਰਟ) ਬਚਦਾ ਹੈ ਉਸ ਨੂੰ ਜਮੀਨ ਉੱਤੇ ਵਿਛਾ ਦਿਤਾ ਜਾਵੇ ਜਾਂ ਜਮੀਨ ਦੇ ਅੰਦਰ ਹਲ ਵਾਹ ਕੇ ਮਿਲਾ ਦਿੱਤਾ ਜਾਵੇ।

ਜਿਵੇਂ ਫਸਲਾਂ ਦੀਆਂ ਜੜ੍ਹਾਂ, ਤਨਾ, ਘਾਹ ਫੂਸ,ਧਾਨ ਦੀ ਨਾੜ, ਕਣਕ ਦੀ ਨਾਲੀ, ਮੂੰਗਫਲੀ ਦੇ ਛਿਲਕੇ, ਗੰਨੇ ਦੇ ਪੱਤੇ ਆਦਿ ਨੂੰ ਜਮੀਨ ਦੇ ਉੱਪਰ ਵਿਛਾ ਕੇ ਹਲ ਚਲਾ ਕੇ ਜ਼ਮੀਨ ਵਿਚ ਮਿਲਾ ਦੇਵੋ।ਇਸ ਨਾਲ ਜ਼ਮੀਨ ਅੰਦਰ ਸਜੀਵ ਪਦਾਰਥਾਂ ਦੀ ਮਾਤ੍ਰਾ ਵੱਧ ਜਾਂਦੀ ਹੈ।

(2) ਜ਼ਮੀਨ ਵਿਚ ਪ੍ਰਤੀ ਏਕੜ ਦੇ ਹਿਸਾਬ ਘਟ ਤੋਂ ਘਟ 6 ਟਨ ਗੋਬਰ ਦੀ ਖਾਦ ਪਾਉਣਾ ਜਰੂਰੀ ਹੈ।ਇਸ ਨਾਲ ਜ਼ਮੀਨ ਵਿਚ ਜਿਵਾਣੂ ਬਣੇ ਰਹਿੰਦੇ ਹਨ

(3) ਜੇ ਗੋਹੇ ਦੀ ਖਾਦ ਪ੍ਰਾਪਤ ਨਹੀਂ ਹੈ ਤਾਂ ਹਰੀ ਖਾਦ ਜ਼ਮੀਨ ਨੂੰ ਦੇਣ ਦੀ ਬਹੁਤ ਲੋੜ ਹੈ।ਇਸ ਵਿਚ :-

ਸਣ	-	5 ਕਿਲੋ	ਜ਼ਵਾਰ	-	1 ਕਿਲੋ
ਢੈਚਾ	-	5 ਕਿਲੋ	ਧਨੀਆ	-	1 ਕਿਲੋ
ਮੂੰਗੀ	-	1 ਕਿਲੋ	ਚੌਲਾਈ	-	2 ਕਿਲੋ
ਮਾਂਹ(ਉੜਦ)	-	1 ਕਿਲੋ	ਪਟਸਨ	-	1 ਕਿਲੋ
ਛੋਲੇ	-	1 ਕਿਲੋ	ਰਾਜਗਿਰਾ	-	200 ਗ੍ਰਾਮ
ਮੇਥੀ	-	1 ਕਿਲੋ			

* ਇਹ ਸਾਰੇ ਬੀਜ ਮਿਕਸ ਕਰਕੇ ਇਕ ਏਕੜ ਜਮੀਨ ਵਿਚ ਬੀਜ ਦੇਵੋ। 40 ਤੋਂ 50 ਦਿਨਾਂ ਬਾਅਦ ਇਸ ਫਸਲ ਨੂੰ ਵੱਢ ਕੇ ਜਮੀਨ ਅੰਦਰ ਮਿਲਾ ਦੇਵੋ।

* ਗੰਨੇ ਅਤੇ ਕੇਲੇ ਦੀ ਫਸਲ ਵਿਚ ਹਰੀ ਫਸਲ ਕੱਟ ਕੇ ਉੱਪਰ ਵਿਛਾ ਵੀ ਸਕਦੇ ਹੋ।

(4) ਜੀਵ ਅੰਮ੍ਰਿਤ :-ਦੇਸੀ ਗਾਂ ਦਾ ਗੋਬਰ 10 ਕਿਲੋ, ਗੋਮੂਤ੍ਰ 5 ਕਿਲੋ, ਕੈਮੀਕਲ ਰਹਿਤ ਗੁੜ 2 ਕਿਲੋ, ਦੇਸੀ ਗਾਂ ਦਾ ਘਿਓ 250 ਗ੍ਰਾਮ(ਪ੍ਰਾਪਤ ਨਾ ਹੋਵੇ ਤਾਂ ਮੂੰਗਫਲੀ ਜਾਂ ਸੋਇਆਬੀਨ ਦਾ ਤੇਲ 250 ਗ੍ਰਾਮ) 2 ਲਿਟਰ ਦੇਸੀ ਗਾਂ ਦਾ ਦਹੀਂ,2 ਕਿਲੋ ਚਨਾ ਜਾਂ ਚੌਲਾਈ ਜਾਂ ਮੂੰਗ ਜਾਂ ਉੜਦ ਦਾ ਆਟਾ,ਬਰਗਦ ਦੇ ਪੇੜ ਦੇ ਹੇਠਾਂ ਦੀ ਮਿੱਟੀ ਇਕ ਕਿਲੋ (ਜਾਂ ਜਿਸ ਫਸਲ ਨੂੰ ਜੀਵ ਅ੍ਰਮਿੰਤ ਦੇਣਾ ਹੈ ਉਸ ਫਸਲ ਦੇ ਜੜ੍ਹਾਂ ਦੇ ਪਾਸ ਦੀ ਮਿੱਟੀ ਇਕ ਕਿਲੋ), 200 ਲਿਟਰ ਪਾਣੀ ਮਿਲਾ ਕੇ ਇਕ ਸੀਮੇਂਟ ਜਾਂ ਪਲਾਸਟਿਕ ਦੀ ਟੈਂਕੀ ਵਿਚ 8 ਦਿਨ ਤਕ ਮੋਟੇ ਕਪੜੇ ਨਾਲ ਟੈਂਕੀ ਦੇ ਮੂੰਹ ਤੇ ਬੰਨ੍ਹ ਕੇ ਰੱਖੋ। ਰੋਜ਼ ਦੋ ਬਾਰ ਇਸ ਘੋਲ ਨੂੰ ਲਕੜੀ ਦੇ ਡੰਡੇ ਨਾਲ ਘੜੀ ਦੀ ਸੂਈ ਦੀ ਦਿਸ਼ਾ (ਫ;ਰਫਾ ਮਜਤਕ) ਵੱਲ ਹਿਲਾਓ। ਇਸ ਨਾਲ ਜੀਵਾਣੂਆਂ ਦੀ ਮਾਤਰਾ ਵਧਣ ਲਈ ਆਕਸੀਜਨ ਦੀ ਉਪਲਭਦੀ ਹੁੰਦੀ ਹੈ।

* ਇਹ ਘੋਲ ਇਕ ਏਕੜ ਜ਼ਮੀਨ ਵਿਚ ਸ਼ਾਮ ਦੇ ਵੇਲੇ ਜਦੋਂ ਜਮੀਨ ਗਿੱਲੀ ਹੋਵੇ, ਛਿੜਕਾਅ ਕਰੋ ਜਾਂ ਫਸਲ ਨੂੰ ਪਾਣੀ ਲਾਉਂਦੇ ਸਮੇਂ ਪਾਣੀ ਵਿਚ ਮਿਲਾ ਕੇ ਪਾ ਦੇਵੋ ਤਾਂ ਇਸ ਨਾਲ ਸਾਰੇ ਸੂਖਮ ਜੀਵਾਣੂ ਵਧਣਗੇ।

* ਹਰ ਫਸਲ ਨੂੰ ਘੱਟੋਂ ਘੱਟ ਮਹੀਨੇ ਵਿਚ ਇਕ ਵਾਰ ਜੀਵ ਅੰਮ੍ਰਿਤ ਦੇਣਾ ਜਰੂਰੀ ਹੈ।

(5) ਇਕ ਏਕੜ ਜਮੀਨ ਵਿਚ ਇਕ ਟਨ ਗੰਡੋਇਆਂ ਦੀ ਖਾਦ ਜਦੋਂ ਜਮੀਨ ਗਿੱਲੀ ਹੋਵੇ ਉਦੋਂ ਹਰ ਤਿੰਨ ਮਹੀਨੇ ਦੇ ਅੰਤਰ ਨਾਲ ਇਕ ਵਾਰ ਪ੍ਰਯੋਗ ਕਰੋ। ਇਸ ਨਾਲ ਜ਼ਮੀਨ ਬਹੁਤ ਸ਼ਕਤੀਸ਼ਾਲੀ ਬਣਦੀ ਹੈ।

(6) ਅਨਾਜ ਦੀ ਖਾਦ :-

ਮੱਕੀ	-	10 ਕਿਲੋ	ਉੜਦ	-	2 ਕਿਲੋ
ਸੋਇਆਬੀਨ	-	10 ਕਿਲੋ	ਮੂੰਗ	-	2 ਕਿਲੋ
ਜਵਾਰੀ	-	10 ਕਿਲੋ	ਚੌਲਾਈ	-	2 ਕਿਲੋ
ਕਣਕ	-	10 ਕਿਲੋ	ਚਨਾ	-	2 ਕਿਲੋ
ਚਾਵਲ	-	10 ਕਿਲੋ	ਨਾਚਣੀ	-	2 ਕਿਲੋ

ਇਹ ਸਭ ਮਿਲਾ ਕੇ ਥੋੜਾ ਮੋਟਾ ਰਖ ਕੇ ਪੀਸ ਲਵੋ, ਇਕ ਏਕੜ ਖੇਤੀ ਵਿਚ ਜਮੀਨ ਤੇ ਖਿਲਾਰ ਕੇ ਪਾਣੀ ਲਾ ਦੇਵੋ। ਦੂਜੇ ਦਿਨ ਸ਼ਾਮ ਦੇ ਸਮੇਂ 200 ਲਿਟਰ ਜੀਵਅੰਮ੍ਰਿਤ ਵਿਚ ਫਸਲ ਦੀ ਲੋੜ ਅਨੁਸਾਰ ਨਤ੍ਰ, ਸਫੁਰਦ, ਪੋਟਾਸ਼ ਦੇ ਜੀਵਾਣੂ ਵਧਾਉਣ ਵਾਲੇ ਮਿਲਾ ਕੇ ਜਮੀਨ ਜਦੋਂ ਗਿਲੀ ਹੋਵੇ ਉਸ ਵੇਲੇ ਛਿੜਕਾਅ ਕਰੋ ਜਾਂ ਪਾਣੀ ਦੇ ਨਾਲ ਵੀ ਛੱਡ ਸਕਦੇ ਹੋ। ਇਸ ਨਾਲ ਜ਼ਮੀਨ ਅੰਦਰ ਜੀਵਾਣੂਆਂ ਦੀ ਮਾਤ੍ਰਾ ਬਹੁਤ ਵੱਧਦੀ ਹੈ। ਜ਼ਮੀਨ ਸ਼ਕਤੀਸ਼ਾਲੀ ਬਣਦੀ ਹੈ।

* ਫਸਲ ਦੀ ਲੋੜ ਅਨੁਸਾਰ ਇਕ, ਦੋ ਜਾਂ ਤਿੰਨ ਵਾਰ ਵੀ ਕਿਸੇ ਵੀ ਫਸਲ ਲਈ ਇਸਤੇਮਾਲ ਕਰ ਸਕਦੇ ਹੋ ।

(7) ਫਸਲ ਉੱਪਰ ਛਿੜਕਣ ਵਾਲੇ ਟਾਨਿਕ :

ਦੇਸੀ ਗਾਂ ਦਾ ਦੁੱਧ 3 ਲਿਟਰ, ਗੋਮੂਤ੍ਰ 3 ਲਿਟਰ, ਨਾਰੀਅਲ ਦਾ ਪਾਣੀ 3 ਲਿਟਰ, ਕੈਮੀਕਲ ਰਹਿਤ ਗੁੜ ਇਕ ਕਿਲੋ, 200 ਲਿਟਰ ਪਾਣੀ ਵਿਚ ਘੋਲ ਬਣਾ ਕੇ ਕਿਸੇ ਵੀ ਫਸਲ ਉੱਪਰ ਲੋੜ ਅਨੁਸਾਰ ਛਿੜਕਾਓ ਕਰੋ।

(8) ਬੀਜ ਅਮ੍ਰਿਤ :

ਦੇਸੀ ਗਾਂ ਦਾ ਗੋਬਰ ਇਕ ਕਿਲੋ, ਗੋਮੂਤ੍ਰ ਇਕ ਲਿਟਰ, ਦੇਸੀ ਗਾਂ ਦਾ ਦੁੱਧ 200 ਮਿ.ਲਿ, ਬਿਨਾ ਬੁਝਿਆ ਹੋਇਆ ਚੂਨਾ 50 ਗ੍ਰਾਮ, ਹੀਂਗ 10 ਗ੍ਰਾਮ, 10 ਲਿਟਰ ਪਾਣੀ ਵਿਚ ਦੋ ਰਾਤਾਂ ਲਈ ਭਿਉਂ ਕੇ ਰਖੋ। ਹਰ ਰੋਜ਼ ਇਸ ਘੋਲ ਨੂੰ ਦੋ ਵਾਰ ਡੰਡੇ ਨਾਲ ਘੜੀ ਦੀ ਦਿਸ਼ਾ ਵਿਚ ਹਿਲਾਓ ਅਤੇ ਮੋਟੇ ਕਪੜੇ ਨਾਲ ਮੂੰਹ ਬੰਨ੍ਹ ਕੇ ਰਖੋ। ਦੋ ਦਿਨ ਬਾਦ ਇਸ ਬੀਜ ਅੰਮ੍ਰਿਤ ਨੂੰ ਬੀਜ ਸੋਧਣ ਲਈ ਇਸਤੇਮਾਲ ਕਰੋ।

(9) ਜੈਵਿਕ ਖਾਦ (ਜੀਵਾਣੂ ਵਧਾਣਾ) : ਜੀਵਾਣੂ ਖਾਦ ਬਾਜ਼ਾਰ ਵਿਚ ਬਣੀ ਬਣਾਈ ਮਿਲਦੀ ਹੈ ।

(A) ਰਾਇਜ਼ੋਬੀਅਮ (ਜੀਵਾਣੂ ਵਧਾਣਾ) : ਚੌਲਾਈ, ਮੂੰਗਫਲੀ, ਮੂੰਗ, ਅਰਹਰ, ਉੜਦ,ਵਾਲ, ਮੋਠ, ਗਵਾਰ, ਸਣ, ਢੈਂਚਾ, ਚਨਾ, ਮਟਰ, ਸੋਇਆਬੀਨ, ਲਸਨ, ਚਾਰਾ ਵਗੈਰਾ ਵਾਸਤੇ ਇਸਤੇਮਾਲ ਕਰੋ। ਇਸ ਨਾਲ–

* ਫਸਲ ਵਿਚ 15 ਤੋਂ 20 ਫੀਸਦੀ ਵਾਧਾ ਦਿਖਾਈ ਦੇਵੇਗਾ।
* ਬੀਜ ਦੀ ਉੱਗਣ ਸ਼ਕਤੀ ਵੱਧਦੀ ਹੈ।
* ਰੋਗ ਪ੍ਰਤਿਰੋਧਕ ਸ਼ਕਤੀ ਵੱਧ ਜਾਂਦੀ ਹੈ।
* ਜ਼ਮੀਨ ਅੰਦਰ ਨਾਇਟਰੋਜਨ ਦੀ ਮਾਤ੍ਰਾ ਵੱਧ ਜਾਂਦੀ ਹੈ।
* ਜ਼ਮੀਨ ਵਿਚ ਕਾਰਬਨ ਦੀ ਮਾਤ੍ਰਾ ਲੋੜ ਅਨੁਸਾਰ ਬਣੀ ਰਹਿੰਦੀ ਹੈ।

(B) ਅਝੋਟੋਬੈਕਟਰ (ਜੀਵਾਣੂ ਵਧਾਣਾ): ਜਵਾਰੀ, ਕਣਕ, ਧਾਨ,ਕਪਾਸ ਪੱਤਾ ਗੋਭੀ, ਫੁਲ ਗੋਭੀ,ਸੂਰਜਮੁਖੀ,ਗੰਨਾ,ਬਾਜਰਾ,ਨਾਚਣੀ, ਮੱਕੀ ਅਤੇ ਸਬਜ਼ੀਆਂ ਵਿਚ ਗਾਜਰ ਪਾਲਕ,ਰਾਜਗਿਰਾ, ਕਰੇਲਾ, ਮਿਰਚ, ਬੈਂਗਨ,ਟਮਾਟਰ ਆਦਿ ਲਈ ਇਸਤੇਮਾਲ ਕਰੋ : ਇਸ ਨਾਲ –

* ਫਸਲ ਦੀ ਉਤਪਾਦਨ ਸ਼ਕਤੀ ਵੱਧ ਜਾਂਦੀ ਹੈ।
* ਬੀਜ ਦੀ ਉਗਣੇ ਦੀ ਸ਼ਕਤੀ ਵੱਧ ਜਾਂਦੀ ਹੈ।

* ਫਸਲ ਦੀਆਂ ਜੜ੍ਹਾਂ ਫੈਲਦੀਆਂ ਹਨ ।
* ਫਸਲ ਦੇ ਉਤਪਾਦਨ ਦੀ ਗੁਣਵੱਤਾ ਵੱਧ ਜਾਂਦੀ ਹੈ।
* ਫਫੂੰਦੀ (ਬੁਰਸ਼ੀ) ਫੈਲਣ ਤੋ ਰੋਕਣ ਵਿਚ ਮਦਦ ਕਰਦੀ ਹੈ।
* ਸਬਜੀ ਦੀ ਫਸਲ ਵਿਚ ਪ੍ਰੋਟੀਨ ਦਾ ਵਾਧਾ, ਮਟਰ ਵਿਚ ਸਟਾਰਚ, ਸ਼ਕਰਕੰਦੀ, ਗੰਨੇ ਵਿਚ ਮਿਠਾਸ ਦਾ ਵਾਧਾ ਹੁੰਦਾ ਹੈ।

(C) ਅਝੋਸਪਰੀਲਮ ਜੀਵਾਣੂਵਧਾਣਾ:- ਮੱਕੀ,ਜ਼ਵਾਰੀ, ਬਾਜਰਾ,ਕਣਕ,ਗੰਨਾ ਅਤੇ ਚਾਰੇ ਵਰਗੀ ਫਸਲਾਂ ਲਈ ਫਾਇਦੇਮੰਦ ਹੈ। ਇਹ ਜੀਵਾਣੂ ਅੱਝੋਟੋਬੈਕਟਰ ਜੀਵਾਣੂ ਤੋਂ 2 ਫੀਸਦੀ ਜ਼ਿਆਦਾ ਨਾਇਟ੍ਰੋਜਨ ਹਵਾ ਵਿਚੋਂ ਫਸਲ ਨੂੰ ਪ੍ਰਾਪਤ ਕਰਵਾ ਦਿੰਦੇ ਹਨ। ਇਸ ਨਾਲ 15 ਤੋਂ 16 ਫੀ ਸਦੀ ਝਾੜ ਵਿਚ ਵਾਧਾ ਹੋ ਜਾਂਦਾ ਹੈ। ਇਸ ਦੇ ਇਸਤੇਮਾਲ ਨਾਲ ਪ੍ਰਤਿ ਏਕੜ 8 ਕਿਲੋ ਨਾਇਟਰੋਜਨ ਬਣੀ ਰਹਿੰਦੀ ਹੈ।

(D) ਸਫੁਰਦ(ਪੀ.ਐਮ.ਬੀ)ਜੀਵਾਣੂ ਵਧਾਣਾ :-ਇਹ ਸਭ ਪ੍ਰਕਾਰ ਦੀਆਂ ਫਸਲਾਂ ਲਈ ਜ਼ਰੂਰੀ ਹੈ। ਇਸ ਨਾਲ ਸਾਇਟਰਿਕ, ਲੈਕਟਿਕ ਸਕਸੀਨਿਕ, ਮੱਲਿਕ ਵਾ ਫਿਯੂਮਰਿਕ ਵਰਗੇ ਸਜੀਵ ਰਸ ਪ੍ਰਾਪਤ ਹੁੰਦੇ ਹਨ। ਇਹ ਰਸ ਬਿਨਾ ਰਸ ਵਾਲੇ ਰੂਪ ਨੂੰ ਰਸ ਵਿਚ ਪਰਿਵਰਤਨ ਕਰਦੇ ਹਨ। ਇਸ ਨਾਲ ਜ਼ਮੀਨ ਦਾ ਸਾਮੂ (ਪੀ.ਐਚ) ਘੱਟ ਹੋ ਕੇ, ਕੈਲਸ਼ੀਅਮ, ਮੈਗਨੇਸ਼ੀਅਮ, ਲੋਹਾ, ਐਲੀਮੀਨੀਅਮ ਆਦਿ ਮੂਲ ਤੱਤ ਸਥਿਰ ਹੁੰਦੇ ਹਨ। ਜਿਸਦਾ ਸਫੁਰਦ ਦੇ ਨਾਲ ਪ੍ਰਯੋਗ ਨਹੀਂ ਹੁੰਦਾ ਅਤੇ ਸਫੁਰਦ ਆਰਥੋ-ਫਾਸਫੇਟ ਸਰੂਪ ਵਿਚ ਰਹਿਣ ਨਾਲ ਫਸਲ ਨੂੰ ਪ੍ਰਾਪਤ ਹੁੰਦਾ ਹੈ।

(10) ਬੀਜ ਸੋਧਣੇ ਦੀ ਵਿਧੀ :-

(A) ਇਕ ਦਲ ਵਾਲੇ ਬੀਜ ਸੋਧਣ ਦੀ ਵਿਧੀ :-ਮੱਕੀ,ਜਵਾਰ,ਕਣਕ,ਧਾਨ, ਕਪਾਸ, ਪੱਤਾ ਗੋਭੀ,ਫੁਲ ਗੋਭੀ, ਸੂਰਜਮੁਖੀ, ਗੰਨਾ, ਬਾਜਰਾ, ਅਤੇ ਗਾਜਰ ਪਾਲਕ,ਰਾਜਗਿਰਾ, ਕ ਰ ੇ ਲ ਾ , ਮਿਰਚ, ਬੈਂਗਨ ਅਤੇ ਟਮਾਟਰ ਆਦਿ 15 ਤੋਂ 20 ਕਿਲੋ ਬੀਜ ਨੂੰ ਜੀਵ ਅਮ੍ਰਿਤ ਛਿੜਕ ਕੇ ਗਿਲਾ ਕਰੋ ਅਤੇ 250 ਗ੍ਰਾਮ ਅਝੋਟੋਬੈਕਟਰ ਜੀਵਾਣੂ ਵ੍ਰਧਕ ਅਤੇ 250 ਗ੍ਰਾਮ ਪੀ.ਐੈਸ.ਬੀ. (ਸਫੁਰਦ ਤੋੜਨ ਵਾਲੇ ਜੀਵਾਣੂ)ਜੀਵਾਣੂ ਵ੍ਰਧਕ ਦੀ ਲੇਪ ਕਰੋ ਜਾਂ ਇਹ ਦੋਨੋਂ ਜੀਵਾਣੂ ਵ੍ਰਧਕਾਂ ਨੂੰ ਜੀਵ ਅਮ੍ਰਿਤ ਵਿਚ ਰਲਾ ਕੇ ਲੇਪ ਕਰੋ। ਬੀਜ ਖਰਾਬ ਨਾ ਹੋਵੇ ਇਹ ਧਿਆਨ ਰਖਣਾ। ਇਹ ਬੀਜ ਛਾਂ ਵਿਚ ਸੁਕਾ ਕੇ 8 ਤੋਂ 10 ਘੰਟੇ ਦੇ ਅੰਦਰ ਗਿੱਲੀ ਜਮੀਨ ਵਿਚ ਬਿਜਾਈ ਕਰੋ।

(B) ਦੋ ਦਲ ਵਾਲੇ ਬੀਜ ਸੋਧਣ ਦੀ ਵਿਧੀ :-ਚੋਲਾਈ, ਮੂੰਗਫਲੀ, ਮੂੰਗ, ਅਰਹਰ,ਉੜਦ, ਵਾਲ, ਮੋਠ, ਗਵਾਰ, ਸਣ, ਯੰਤਰ,ਚਨਾ,ਸੋਇਆਬੀਨ, ਲਸਣ, ਚਾਰਾ ਆਦਿ ਫਸਲਾਂ ਦੇ 15 ਤੋਂ 20 ਕਿਲੋ ਬੀਜ ਉੱਪਰ ਜੀਵ-ਅੰਮ੍ਰਿਤ ਛਿੜਕੋ ਅਤੇ 250 ਗ੍ਰਾਮ ਰਾਇਜ਼ੋਬੀਅਮ (ਵੀਜੰਰਲਜਚਠ)

ਜੀਵਾਣੂ ਵ੍ਰਧਕ ਅਤੇ 250 ਗ੍ਰਾਮ ਪੀ.ਐੱਸ.ਬੀ. (ਸਫੁਰਦ ਉਪਲਬਦ ਕਰਾਉਣ ਵਾਲੇ ਜੀਵਾਣੂ ਵ੍ਰਧਕ ਦੀ ਲੇਪ ਕਰੋ ਜਾਂ ਇਹ ਦੋਨੋਂ ਜੀਵਾਣੂ ਵ੍ਰਧਕ ਜੀਵ ਅੰਮ੍ਰਿਤ ਵਿਚ ਰਲਾ ਕੇ ਲੇਪ ਕਰੋ। ਬੀਜ ਖਰਾਬ ਨਾ ਹੋਵੇ ਇਸ ਦਾ ਧਿਆਨ ਰੱਖਣਾ। ਇਹ ਬੀਜ ਛਾਂ ਵਿਚ ਸੁਕਾ ਤੇ 8 ਤੋਂ 10 ਘੰਟੇ ਦੇ ਅੰਦਰ ਗਿੱਲੀ ਜਮੀਨ ਵਿਚ ਬਿਜਾਈ ਕਰੋ।

ਜੀਵਾਣੂ ਖਾਦ ਇਸਤੇਮਾਲ ਕਰਨ ਦੀ ਵਿਧੀ :

(ਕਿਹੜੀ ਫਸਲ ਵਾਸਤੇ ਕਿਹੜੇ ਜੀਵਾਣੂ ਵਧਾਵਾ ਦੀ ਵਰਤੋਂ ਕਰਨੀ ਹੈ, ਇਸ ਦੀ ਜਾਣਕਾਰੀ ਉੱਪਰ ਦਿੱਤੀ ਹੋਈ ਹੈ)

ਇਕ ਏਕੜ ਖੇਤੀ ਵਾਸਤੇ :-

1. ਇਕ ਕਿਲੋ ਰਾਇਜ਼ੋਬੀਅਮ (Rhizobium) ਜਾਂ ਇਕ ਕਿਲੋ ਅੱਝੋਟੋਬੈਕਟਰ (Azotobectar), ਜਾਂ ਇਕ ਕਿਲੋ ਆਝੋਸਪਰੀਲਮ (Azospirrillum), 25 ਕਿਲੋ ਗੋਬਰ ਦੀ ਖਾਦ ਵਿਚ ਮਿਲਾ ਕੇ ਉੱਪਰੋਂ ਪਾਣੀ ਛਿੜਕ ਕੇ ਇਕ ਜਾਂ ਦੋ ਦਿਨ ਤਕ ਛਾਂਵੇ ਰੱਖੋ।
2. ਇਕ ਕਿਲੋ ਪੀ.ਐੱਸ.ਬੀ. 25 ਕਿਲੋ ਗੋਬਰ ਦੀ ਖਾਦ ਵਿਚ ਮਿਲਾ ਕੇ ਉੱਪਰੋਂ ਪਾਣੀ ਛਿੜਕ ਕੇ ਇਕ ਜਾਂ ਦੋ ਦਿਨ ਤਕ ਛਾਂਵੇ ਰੱਖੋ।
3. ਫਸਲ ਦੀ ਲੋੜ ਅਨੁਸਾਰ ਪਾਲਿਸ਼ ਦੀ ਉਪਲਭਦੀ ਕਰਾਉਣ ਵਾਲੇ ਇਕ ਕਿਲੋ ਜੀਵਾਣੂ ਵ੍ਰਧਕ 25 ਕਿਲੋ ਗੋਬਰ ਦੀ ਖਾਦ ਵਿਚ ਮਿਲਾਓ। ਉੱਪਰੋਂ ਪਾਣੀ ਛਿੜਕ ਕੇ ਇਕ ਜਾਂ ਦੋ ਦਿਨ ਤਕ ਛਾਂਵੇ ਰੱਖੋ।ਇਹ ਤਿੰਨੋ ਮਿਲਾ ਕੇ ਗਿੱਲੀ ਜ਼ਮੀਨ ਵਿਚ ਸ਼ਾਮ ਦੇ ਸਮੇਂ ਮਿਲਾਓ। ਤਰਲ ਕਿਸਮ ਦੇ ਜੀਵਾਣੂ ਡਰਿਪ ਨਾਲ ਵੀ ਛਿੜਕ ਸਕਦੇ ਹੋ।

ਨੱਡੇਪ ਪ੍ਰਣਾਲੀ ਨਾਲ ਕੰਪੋਜ਼ਟ ਖਾਦ ਬਨਾਉਣ ਦੀ ਵਿੱਧੀ

ਨੱਡੇਪ ਪ੍ਰਣਾਲੀ ਨਾਲ ਕੰਪੋਜ਼ਟ ਖਾਦ ਬਨਾਉਣ ਦੇ ਲਈ 15 ਫੁਟ ਲੰਬਾਈ 5 ਫੁਟ ਚੌੜਾਈ ਅਤੇ 3 ਫੁਟ ਉਚਾਈ ਦਾ ਇੱਟਾਂ ਦਾ ਚੈਂਬਰ ਬਨਾਉਣਾ ਜਰੂਰੀ ਹੈ। ਦੀਵਾਰ 9 ਇੰਚ ਮੋਟੀ ਹੋਵੇ। ਚਾਰੇ ਪਾਸੇ ਦੀਵਾਰਾਂ ਵਿਚ ਇੱਟ ਦੀ ਚੌੜਾਈ ਜਿੰਨੇ ਸੁਰਾਖ(ਮੋਰੀਆਂ) ਰੱਖੋ ਇਹਨਾਂ ਵਿਚੋਂ ਹਵਾ ਅੰਦਰ ਜਾ ਸਕੇਗੀ।ਇੱਟਾਂ ਦੀ ਦੀਵਾਰ ਨੂੰ ਅੰਦਰ ਤੇ ਬਾਹਰ ਗੋਬਰ ਤੇ ਪਾਣੀ ਦਾ ਘੋਲ ਬਣਾ ਕੇ ਲਿਪਾਈ ਕਰ ਦੇਵੋ ਅਤੇ ਖੁਸ਼ਕ ਹੋ ਜਾਣ ਤੇ ਇਸ ਚੈਂਬਰ ਨੂੰ ਇਸਤੇਮਾਲ ਕਰੋ।

ਨੱਡੇਪ ਪ੍ਰਣਾਲੀ ਵਿਚ ਚੈਂਬਰ ਭਰਨ ਵਾਸਤੇ ਖੇਤੀ ਦੀ ਰਹਿੰਦ-ਖੂੰਹਦ ਜਿਵੇਂ ਜੜ੍ਹਾਂ, ਤਨਾ, ਘਾਹ ਫੂਸ, ਜੀਰੀ ਦੀ ਪਰਾਲੀ, ਕਣਕ ਦੀ ਨਾੜ ਮੂੰਗਫਲੀ ਦੇ ਛਿਲਕੇ, ਸੋਇਆਬੀਨ ਦਾ ਭੂਸਾ, ਗੰਨੇ ਦੇ ਪੱਤੇ, ਗਾਂ ਦਾ ਗੋਬਰ ਆਦਿ ਦੀ ਵਰਤੋਂ ਕਰੋ।

ਪਹਿਲਾ ਗੋਬਰ ਅਤੇ ਪਾਣੀ ਦਾ ਘੋਲ ਤਿਆਰ ਕਰਕੇ ਚੈਂਬਰ ਦੀ ਦੀਵਾਰ ਅਤੇ ਹੇਠਾਂ ਛਿੜਕਾ ਕਰੋ। ਫੇਰ 6 ਇੰਚ ਮੋਟੀ ਤਹਿ ਨੂੰ ਖੇਤੀ ਦੀ ਰਹਿੰਦ ਖੂੰਹਦ ਨਾਲ ਭਰ ਦੇਵੋ। ਇਸ ਉੱਤੇ ਕੌੜੇ ਨਿੰਮ, ਅਡੂਸਾ, ਗਲੇਰੀਸਿਡੀਆ ਦੇ ਹਰੇ ਪੱਤੇ ਮਿਲਾਓ, ਉੱਪਰ 4 ਕਿਲੋ ਦੇਸੀ ਗਾਂ ਦਾ ਗੋਬਰ, 150 ਲਿਟਰ ਪਾਣੀ ਵਿਚ ਮਿਲਾ ਕੇ ਛਿੜਕੋ। ਇਸ ਉੱਪਰ ਖੇਤ ਵਿਚੋਂ 50-60 ਕਿਲੋ ਮਿੱਟੀ ਇੱਕੋ ਜਿਹੀ ਕਰ ਕੇ ਵਿਛਾ ਦੇਵੋ ਅਤੇ ਮਿੱਟੀ ਗਿੱਲੀ ਹੋਣ ਤਕ ਪਾਣੀ ਛਿੜਕੋ। ਇਹ ਇਕ ਤੈਹ ਪੂਰੀ ਹੋ ਗਈ। ਇੰਝ ਹੀ ਇਸ ਦੇ ਉੱਪਰ ਹੋਰ ਤੈਹਾਂ ਵਿਛਾਉਂਦੇ ਜਾਵੋ ਜਦੋਂ ਤੀਕ ਚੈਂਬਰ ਡੇਢ ਫੁਟ ਉਚਾਈ ਤਕ ਭਰ ਜਾਵੇ। ਇਸ ਤੋਂ ਬਾਅਦ 400-500 ਕਿਲੋ ਮਿੱਟੀ ਗਿੱਲੀ ਕਰਕੇ 3 ਇੰਚ ਮੋਟੀ ਤਹਿ ਚੜ੍ਹਾਓ ਅਤੇ ਉੱਪਰ ਗੋਬਰ ਨਾਲ ਲਿਪ ਦੇਵੋ। ਧੁੱਪ ਨਾਲ ਜੇਕਰ ਲਿਪਾਈ ਵਿਚ ਤਰੇੜਾਂ ਫਟ ਜਾਂਦੀਆਂ ਹਨ ਤਾਂ ਉਹਨਾਂ ਨੂੰ ਗੋਬਰ ਦੇ ਪਾਣੀ ਨਾਲ ਭਰ ਦੇਵੋ। ਜ਼ਿਆਦਾ ਧੁੱਪ ਹੋਵੇ ਤਾਂ ਉੱਪਰ ਘਾਹ-ਫੂਸ ਵਿਛਾ ਦੇਵੋ। 90 ਤੋਂ 120 ਦਿਨਾਂ ਅੰਦਰ ਕੰਪੋਜ਼ਟ ਖਾਦ ਤਿਆਰ ਹੋ ਜਾਵੇਗੀ। ਇਸ ਖਾਦ ਨੂੰ ਸੁਕਣ ਨਹੀਂ ਦੇਣਾ ਹੈ, 20× ਗਿੱਲ ਰਹਿਣ ਦੇਣੀ ਹੈ।

ਇਸ ਤੋਂ 3½ ਤੋਂ 4 ਟਨ ਕੰਪੋਜ਼ਟ ਖਾਦ ਮਿਲਦੀ ਹੈ, ਇਸ ਖਾਦ ਵਿਚ
½ ਤੋਂ 1× ਨਾਇਟਰੋਜਨ, 0.5 ਤੋਂ 0.8 × ਸਫੂਰਦ ਅਤੇ 1।20 ਤੋਂ 1।40×
ਪੋਟਾਸ਼ ਮਿਲਦਾ ਹੈ।

ਗੰਡੋਆ ਖਾਦ ਤਿਆਰ ਕਰਨ ਦੀ ਵਿੱਧੀ

ਗੰਡੋਏ ਦੀ ਖਾਦ ਤਿਆਰ ਕਰਨ ਲਈ ਛਾਂ ਦੀ ਲੋੜ ਹੈ। ਸੂਰਜ ਦੀ ਰੌਸ਼ਨੀ ਅਤੇ ਬਾਰਸ਼ ਤੋਂ ਬਚਾਉਣ ਵਾਸਤੇ ਛੱਪਰ(ਸ਼ੈੱਡ) ਬਣਾ ਕੇ ਉਸ ਦੇ ਹੇਠਾਂ 8 ਤੋਂ 10 ਫੁਟ ਲੰਮੀ ਅਤੇ 3 ਫੁਟ ਚੌੜੀ ਅਤੇ 1½ ਫੁਟ ਉੱਚੀ 4 ਇੰਚ ਮੋਟੀ ਇਟਾਂ ਦੀ ਦੀਵਾਰ ਬਣਾ ਕੇ ਚੈਂਬਰ ਤਿਆਰ ਕਰੋ। ਪਹਿਲੋਂ ਜ਼ਮੀਨ ਤੇ ਪਾਣੀ ਛਿੜਕ ਕੇ ਜ਼ਮੀਨ ਗਿੱਲੀ ਕਰੋ। ਫਿਰ ਰਹਿੰਦ-ਖੂੰਹਦ ਜਿਵੇਂ ਧਾਨ ਦੀ ਪਰਾਲੀ, ਕਣਕ ਦੀ ਨਾੜ, ਗੰਨੇ ਦੀ ਖੋਰੀ, ਜੋ ਛੇਤੀ ਨਹੀਂ ਗਲਦੇ ਅਜਿਹੇ ਪਦਾਰਥਾਂ ਦਾ 15 ਤੋਂ 20 ਸੈ: ਮੀ: ਮੋਟੀ ਤਹਿ ਬਣਾਓ। ਇਸ ਉੱਪਰ ਪਾਣੀ ਛਿੜਕ ਕੇ ਗਿੱਲਾ ਕਰੋ। ਇਸ ਦੇ ਉੱਪਰ ਗੋਬਰ ਦੀ ਖਾਦ ਜਾਂ ਕੰਪੋਜ਼ਿਟ ਖਾਦ ਜਾਂ ਬਗੀਚੇ ਦੀ ਮਿੱਟੀ ਨਾਲ 5 ਸੈ: ਮੀ: ਦੀ ਤੈਹ ਬਣਾਓ ਇਸ ਨਾਲ ਗੰਡੋਏ ਸੁਰੱਖਿਅਤ ਰਹਿੰਦੇ ਹਨ,ਇਸ ਦੇ ਉੱਪਰ ਪੂਰਣ ਤਿਆਰ ਗੰਡੋਏ ਛੱਡ ਦੇਵੋ।2 ਹਜ਼ਾਰ ਗੰਡੋਏ ਪ੍ਰਤਿ 10×10 ਫੁਟ ਖੇਤਰ ਵਿਚ ਛੱਡਣੇ ਹਨ। ਇਸ

ਨੂੰ ਬੋਰੀਆਂ ਨਾਲ ਢੱਕ ਦੇਵੋ। 40 ਤੋਂ 50× ਗਿੱਲ ਰਹਿਣੀ ਚਾਹੀਦੀ ਹੈ ਇਸ ਗੱਲ ਦਾ ਧਿਆਨ ਰੱਖੋ ਕਿ ਸ਼ੈਡ ਦੇ ਹੇਠਾਂ 20 ਤੋਂ 30 ਡਿਗਰੀ ਸੈਂਟੀਗਰੇਡ ਤਾ੍ਪਮਾਨ ਰਹੇ। ਗੰਡੋਏ ਦੀ ਸੁਰੱਖਿਆ ਵਾਸਤੇ ਧਿਆਨ ਰੱਖਣਾ ਹੈ ਕਿ ਕੋਈ ਕੀੜੀ ਆਦਿ ਅੰਦਰ ਨਾ ਆਵੇ। ਇਕ ਦੋ ਦਿਨ ਤੱਕ ਲੋੜ ਅਨੁਸਾਰ ਪਾਣੀ ਦਾ ਛਿੜਕਾ ਕਰੋ। 30-40 ਦਿਨਾਂ ਵਿਚ ਗੰਡੋਏ ਦੀ ਖਾਦ ਪੂਰੀ ਤਰ੍ਹਾਂ ਤਿਆਰ ਹੋ ਜਾਵੇਗੀ। ਗੰਡੋਏ ਅਲੱਗ ਕਰਕੇ ਖਾਦ ਨੂੰ ਗਿੱਲੀ ਜ਼ਮੀਨ ਵਿਚ ਮਿਲਾਓ।

ਫਸਲਾਂ ਦੀ ਸਾਂਭ ਸੰਭਾਲ

ਪ੍ਰਕਿਰਤੀ ਅੰਦਰ ਹੋਣ ਵਾਲੀਆਂ ਤਬਦੀਲੀਆਂ ਨੂੰ ਸਹਿਨ ਕਰਨ ਦੀ ਸ਼ਕਤੀ ਅਤੇ ਕਿਸੇ ਪ੍ਰਕਾਰ ਦੇ ਹਮਲੇ ਦਾ ਮੁਕਾਬਲਾ ਕਰਨ ਦੀ ਸ਼ਕਤੀ ਕੁਦਰਤ ਨੇ ਸੱਭ ਰੁੱਖਾਂ-ਬਨਸਪਤੀ ਨੂੰ ਦਿੱਤੀ ਹੋਈ ਹੈ। ਜੇਕਰ ਜ਼ਮੀਨ ਸ਼ਕਤੀਸ਼ਾਲੀ ਹੈ ਤਾਂ ਬਨਸਪਤੀ ਵੀ ਸ਼ਕਤੀਸ਼ਾਲੀ ਬਣਦੀ ਹੈ। ਉਹਨਾਂ ਦੀ ਰੋਗ ਪ੍ਰਤੀਕਾਰਕ ਸ਼ਕਤੀ ਵੱਧਦੀ ਹੈ। ਕੋਈ ਵੀ ਕੀਟ ਜਾਂ ਫਫੂੰਦੀ ਵਰਗੀ ਬਿਮਾਰੀ ਆਵੇਗੀ ਤਾਂ ਵੀ ਉਹ ਠਹਿਰੇਗੀ ਨਹੀਂ। ਜੇਕਰ ਜ਼ਮੀਨ ਸ਼ਕਤੀਸ਼ਾਲੀ ਨਹੀਂ ਹੋਵੇਗੀ ਤਾਂ ਬਨਸਪਤੀ ਕਮਜ਼ੋਰ ਬਣਦੀ ਹੈ ਅਤੇ ਬਨਸਪਤੀ ਕੀਟ ਜਾਂ ਬੀਮਾਰੀ ਦਾ ਟਾਕਰਾ ਨਹੀਂ ਕਰ ਸਕੇਗੀ,ਇਸ ਲਈ ਰੋਕਥਾਮ ਲਈ ਦਵਾਈਆਂ ਦੀ ਲੋੜ ਪੈਂਦੀ ਹੈ।

ਕੁਦਰਤ ਦਾ ਇਹ ਨਿਯਮ ਹੈ ਕਿ ਜੇਕਰ ਕੋਈ ਕੀੜਾ ਫਸਲ ਤੇ ਆਉਂਦਾ ਹੈ ਤਾਂ ਉਹਨਾਂ ਨੂੰ ਖਾਣ ਵਾਸਤੇ ਹੋਰ ਕਿਸਮ ਦੇ ਕੀੜੇ ਵੀ ਆਉਂਦੇ ਹਨ। ਲੇਕਿਨ ਉਹਨਾਂ ਹਮਲਾ ਕਰਨ ਵਾਲੇ ਕੀੜਿਆਂ ਨੂੰ ਖਾਣ ਵਾਲੇ ਕੀੜੀਆਂ ਵਾਸਤੇ ਜੋ ਵਾਤਾਵਰਣ ਚਾਹੀਦਾ ਹੈ ਉਸ ਨੂੰ ਅਸੀਂ ਹੀ ਨਸ਼ਟ ਕਰ ਦਿੱਤਾ ਹੈ।ਹੁਣ ਅਜਿਹਾ ਵਾਤਾਵਰਣ ਤਿਆਰ ਕਰਨਾ ਬਹੁਤ ਜ਼ਰੂਰੀ ਹੈ। ਇਸ ਵਾਸਤੇ ਸਾਡਾ ਪਹਿਲਾ ਫਰਜ਼ ਇਹ ਹੈ ਕਿ ਅਸੀਂ ਜ਼ਮੀਨ ਨੂੰ ਸ਼ਕਤੀਸ਼ਾਲੀ ਬਣਾਈਏ ਅਤੇ ਵਾਤਾਵਰਣ ਦੇ ਨਿਰਮਾਣ ਵਾਸਤੇ ਖੇਤਾਂ ਵਿਚ ਪੇੜ ਪੌਦੇ ਲਗਾਈਏ। ਇਸ ਦੇ ਨਾਲ ਸਾਨੂੰ ਕੁਦਰਤ ਦੇ ਨਿਯਮ

ਅਨੁਸਾਰ ਜਿਸ ਸੀਜ਼ਨ ਵਿਚ ਜਿਹੜੀ ਫਸਲ ਬੀਜਣੀ ਹੈ ਉਹੀ ਫਸਲ ਕਾਸ਼ਤ ਕਰੀਏ। ਬਨਸਪਤੀ ਵੀ ਯੋਗ ਵਾਤਾਵਰਣ ਵਿਚ ਹੀ ਆਪਣੀ ਸੁਰੱਖਿਆ ਕਰ ਸਕਦੀ ਹੈ ਅਤੇ ਘੱਟ ਖਰਚ ਵਿਚ ਜ਼ਿਆਦਾ ਉਪਜ ਮਿਲਦੀ ਹੈ।

ਜੇਕਰ ਅਸੀਂ ਜ਼ਮੀਨ ਨੂੰ ਸ਼ਕਤੀਸ਼ਾਲੀ ਬਣਾਇਆ ਹੈ ਅਤੇ ਵਾਤਾਵਰਣ ਦਾ ਨਿਰਮਾਣ ਵੀ ਕਰ ਰਹੇ ਹਾਂ ਫਿਰ ਵੀ ਅਚਾਨਕ ਵਾਤਾਵਰਣ ਬਦਲਣ ਨਾਲ ਕੋਈ ਕੀੜਾ ਜਾਂ ਬੀਮਾਰੀ ਆਉਂਦੀ ਹੈ ਤਾਂ ਉਸ ਵਾਸਤੇ ਕੀਟ ਨਾਸ਼ਕ ਤੇ ਫਫੂੰਦੀ ਨਾਸ਼ਕ ਦਵਾਈਆਂ ਦਾ ਪ੍ਰਯੋਗ ਕਰਨਾ ਜ਼ਰੂਰੀ ਹੈ। ਇਹਨਾਂ ਦਵਾਈਆਂ ਦੇ ਨਾਲ ਨਾਲ ਜੇਕਰ ਅਸੀਂ ਯੋਗ ਦਾ ਪ੍ਰਯੋਗ ਵੀ ਕਰਦੇ ਹਾਂ ਤਾਂ ਰੋਕਥਾਮ ਵਿਚ 100× ਸਫਲਤਾ ਮਿਲਦੀ ਹੈ।

ਕਈ ਪ੍ਰਕਾਰ ਦੀ ਦਵਾਈਆਂ ਬਨਾਉਣ ਦੀ ਵਿੱਧੀ

1. ਦਸ਼ਪਰਣੀ ਅਰਕ :

1. ਕੌੜੀ ਨਿਮ ਦੇ ਪੱਤੇ –5 ਕਿਲੋ
2. ਕਨੇਰ ਦੇ ਪੱਤੇ –2 ਕਿਲੋ
3. ਪਪੀਤੇ ਦੇ ਪੱਤੇ –2 ਕਿਲੋ
4. ਕਰੰਜ ਦੇ ਪੱਤੇ –2 ਕਿਲੋ
5. ਕਾਂਗਰਸ ਘਾਹ ਦੇ ਪੱਤੇ–1 ਕਿਲੋ
6. ਸਫੈਦ ਧਤੂਰਾ –2 ਕਿਲੋ
7. ਸੀਤਾਫਲ ਦੇ ਪੱਤੇ –3 ਕਿਲੋ
8. ਕਪਾਸ ਦੇ ਪੱਤੇ –2 ਕਿਲੋ
9. ਆਰੰਡੀ ਦੇ ਪੱਤੇ –2 ਕਿਲੋ
10. ਗੁਡਵੇਲ ਦੇ ਪੱਤੇ –2 ਕਿਲੋ
11. ਹਰੀ ਮਿਰਚ ਕੁੱਟੀ ਹੋਈ2 ਕਿਲੋ

ਇਹ ਸਭ ਚੀਜ਼ਾਂ ਸੀਮੇਂਟ ਜਾਂ ਪਲਾਸਟਿਕ ਦੀ ਟੈਂਕੀ ਵਿਚ 200 ਲਿਟਰ ਪਾਣੀ ਵਿਚ ਮਿਲਾ ਕੇ 30 ਤੋਂ 40 ਦਿਨ ਤਕ ਸੜਨ ਦੇਵੋ। ਟੈਂਕੀ ਦਾ ਮੂੰਹ ਮੋਟੇ ਕਪੜੇ ਨਾਲ ਢੱਕ ਕੇ ਬੰਨ੍ਹ ਦੇਵੋ। ਹਰ ਰੋਜ਼ ਘੋਲ ਨੂੰ ਦੋ ਵਾਰੀ ਡੰਡੇ ਨਾਲ ਘੜੀ ਦੀਆਂ ਸੂਈਆਂ ਦੀ ਦਿਸ਼ਾ ਵੱਲ ਹਿਲਾਓ।30–40 ਦਿਨਾਂ ਬਾਅਦ ਇਸ ਨੂੰ ਛਾਣ ਕੇ 15 ਲਿਟਰ ਪਾਣੀ ਵਿਚ ਇਕ ਜਾਂ ਦੋ ਲਿਟਰ ਘੋਲ (ਕੀੜੇ ਦੀ ਗਿਣਤੀ ਨੂੰ ਦੇਖ ਕੇ) ਮਿਲਾ ਕੇ ਕਿਸੇ ਵੀ ਪ੍ਰਕਾਰ ਦੇ ਕੀੜੇ ਲਈ ਛਿੜਕੋ। ਇਕ ਵਾਰ ਤਿਆਰ ਕੀਤਾ ਇਹ ਘੋਲ 6 ਮਹੀਨੇ ਤਕ ਇਸਤੇਮਾਲ ਕਰ ਸਕਦੇ ਹੋ। ਇਸ ਘੋਲ ਵਿਚ 200 ਮਿ: ਲਿ: ਗੋਮੂਤਰ ਮਿਲਾਣਾ ਵੀ ਜਰੂਰੀ ਹੈ।

2. ਨਿੰਮ ਦਾ ਅਰਕ :

5 ਕਿਲੋ ਕੌੜੀ ਨਿਮ ਦੇ ਬੀਜ ਕੁੱਟ ਕੇ 9 ਲਿਟਰ ਪਾਣੀ ਵਿਚ ਰਾਤ ਭਰ ਲਈ ਭਿਉਂ ਦੇਵੋ ਅਤੇ ਇਸ ਵਿਚ 500 ਗ੍ਰਾਮ ਹਰੀ ਮਿਰਚ ਕੁੱਟ ਕੇ ਰਲਾਓ।ਇਸ ਨਾਲ ਨਿੰਮ ਦਾ ਅਰਕ ਬਹੁਤ ਅਸਰਦਾਰ ਬਣਦਾ ਹੈ।ਨਾਲ ਹੀ ਇਕ ਲਿਟਰ ਪਾਣੀ ਵਿਚ 200 ਗ੍ਰਾਮ ਕੋਈ ਵੀ ਵਾਸ਼ਿੰਗ ਪੌਡਰ ਮਿਲਾ ਦੇਵੋ।ਦੂਜੇ ਦਿਨ ਇਹ ਦੋਵੇਂ ਘੋਲ ਹਿਲਾ ਕੇ ਛਾਣ ਲਵੋ ਅਤੇ 100 ਲਿਟਰ ਪਾਣੀ ਵਿਚ ਮਿਲਾ ਦੇਵੋ। ਜਿਸ ਦਿਨ ਇਸਤੇਮਾਲ ਕਰਨਾ ਹੈ ਉਸ ਤੋਂ ਇਕ ਦਿਨ ਪਹਿਲਾਂ ਇਹ ਘੋਲ ਤਿਆਰ ਕਰੋ। ਇਸ ਨਾਲ ਕਈ ਪ੍ਰਕਾਰ ਦੇ ਕੀਟ ਅਤੇ ਫਫੂੰਦੀ ਜੈਸੀ ਬੀਮਾਰੀ ਕੰਟਰੋਲ ਹੋ ਜਾਂਦੀ ਹੈ।

3. ਲਿਫ ਮਾਯਨਰ (ਨਾਗਅਲੀ) ਦੇ ਕੰਟਰੋਲ ਵਾਸਤੇ :

250 ਮਿ.ਲਿ. ਦੇਸੀ ਗਾਂ ਦੀ ਲੱਸੀ, 50 ਗ੍ਰਾਮ ਨਿੰਬੂ ਦਾ ਸੱਤ, 100 ਗ੍ਰਾਮ ਗੁੜ,100 ਮਿ.ਲਿ. ਇਮਲੀ ਦਾ ਜੂਸ, 10 ਗ੍ਰਾਮ ਹਿੰਗ, 10 ਗ੍ਰਾਮ ਕਫੂਰ, 15 ਮਿ.ਲਿ. ਪਾਣੀ ਮਿਲਾ ਕੇ ਸਪਰੇ ਕਰੋ। ਇਸ ਨਾਲ ਕਈ ਪ੍ਰਕਾਰ ਦੇ ਕੀੜੇ ਭੱਜ ਜਾਂਦੇ ਹਨ। ਵਿਸ਼ੇਸ਼ ਲਿਫ ਮਾਯਨਰ ਵਾਸਤੇ ਇਹ ਬਹੁਤ ਫਾਇਦੇਮੰਦ ਦਵਾਈ ਹੈ।

4. ਮਿਲੀ ਬਗਜ ਔਰ ਥ੍ਰਿਪਸ(ਰਸ ਚੂਸਨੇ ਵਾਲੀ ਕੀਟ ਅਤੇ ਸਫੈਦ ਮੱਖੀ) ਦੇ ਕੰਟਰੋਲ ਵਾਸਤੇ :

200 ਲਿਟਰ ਪਾਣੀ ਵਿਚ 5 ਕਿਲੋ ਦੇਸੀ ਗਾਂ ਦਾ ਗੋਬਰ, 5 ਕਿਲੋ ਗੋਮੂਤਰ 24 ਘੰਟੇ ਤੱਕ ਭਿਉਂ ਕੇ ਰੱਖੋ ਅਤੇ ਫੇਰ ਇਸ ਨੂੰ ਛਾਣ ਕੇ ਸਪਰੇ ਕਰੋ। ਇਸ ਨਾਲ ਡਾਊਨੀ, ਥਰਿਪਸ ਵੀ ਘਟ ਹੋ ਜਾਂਦੇ ਹਨ ਅਤੇ ਹਰ ਪ੍ਰਕਾਰ ਦੇ ਹੋਰ ਰਸ ਵੀ ਫਸਲ ਨੂੰ ਮਿਲਦੇ ਹਨ।

ਜਾਂ

5 % ਨਿੰਮ ਦਾ ਅਰਕ 3 % ਗੋਮੂਤਰ ਮਿਲਾ ਕੇ ਛਿੜਕਾ ਕਰ ਸਕਦੇ ਹੋ

ਜਾਂ

15 ਲਿਟਰ ਪਾਣੀ, 30 ਗ੍ਰਾਮ ਵਹਰਟੀਸਿਲੀਅਮ ਬੁਰਸ਼ੀ, 500 ਮਿਲੀ ਲਿਟਰ ਦੁੱਧ ਮਿਲਾ ਕੇ ਛਿੜਕਾ ਕਰ ਸਕਦੇ ਹੋ।

5. ਫਫੂੰਦੀ ਵਾਸਤੇ ਫਫੂੰਦੀ ਰੋਧਕ :

ਟ੍ਰਾਇਕੋਡਰਮਾ (ੳਗਜਫੀਰਦਕਗਠ਼) ਇਕ ਕਿਲੋ, 200 ਲਿਟਰ ਪਾਣੀ ਵਿਚ ਮਿਲਾਕੇ ਸ਼ਾਮ ਦੇ ਸਮੇਂ ਜਦੋਂ ਜ਼ਮੀਨ ਗਿੱਲੀ ਹੋਵੇ ਉਦੋਂ ਇਕ ਏਕੜ ਜ਼ਮੀਨ ਉੱਤੇ ਛਿੜਕਾ ਕਰੋ (ਹੋ ਸਕੇ ਤਾਂ ਨਿੰਮ ਦੇ ਪਤਿਆਂ ਵਾਲੀ ਡਾਲ੍ਹੀ ਨਾਲ ਛਿੜਕਾਓ)

ਜਾਂ

50 ਕਿਲੋ ਗੋਬਰ ਦੀ ਖਾਦ ਜਾਂ 50 ਕਿਲੋ ਗਿੱਲੀ ਮਿਟੀ ਵਿਚ ਟ੍ਰਾਇਓਡਰਮਾ (Trichoderma) ਇਕ ਕਿਲੋ ਮਿਲਾ ਕੇ ਸ਼ਾਮ ਦੇ ਸਮੇਂ ਜਦੋਂ ਜ਼ਮੀਨ ਗਿੱਲੀ ਹੋਵੇ ਉਦੋਂ ਇਕ ਏਕੜ ਜ਼ਮੀਨ ਉੱਤੇ ਛਿੜਕੋ।

ਜਾਂ

ਟ੍ਰਾਇਓਡਰਮਾ (Trichoderma) ਇਕ ਕਿਲੋ, 200 ਲਿਟਰ ਪਾਣੀ ਵਿਚ ਘੋਲ ਕੇ ਸ਼ਾਮ ਦੇ ਸਮੇਂ (ਧੁੱਪ ਘੱਟ ਜਾਣ ਬਾਅਦ) ਫਸਲ ਉੱਤੇ ਛਿੜਕ ਸਕਦੇ ਹੋ।

ਜਾਂ

200 ਗ੍ਰਾਮ ਵਾਵੜਿੰਗ ਕੁੱਟ ਕੇ (ਆਟਾ ਬਣਾ ਕੇ) 3 ਲਿਟਰ ਗੋਮੂਤਰ, 200 ਲਿਟਰ ਪਾਣੀ ਵਿਚ ਘੋਲ ਕੇ ਦੋ ਦਿਨ ਤੱਕ ਟੈਂਕੀ ਵਿਚ ਰੱਖੋ। ਟੈਂਕੀ ਦਾ ਮੂੰਹ ਮੋਟੇ ਕਪੜੇ ਨਾਲ ਬੰਨ੍ਹ ਕੇ ਰੱਖੋ। ਹਰ ਰੋਜ਼ ਇਸ ਘੋਲ ਨੂੰ ਦੋ ਬਾਰ ਡੰਡੇ ਨਾਲ ਘੜੀ ਦੀ ਦਿਸ਼ਾ ਵਾਂਗ ਹਿਲਾਓ। ਇਸ ਨੂੰ ਛਾਣ ਕੇ ਛਿੜਕਾ ਕਰ ਸਕਦੇ ਹੋ।

ਜਾਂ

5 ਲਿਟਰ ਦੇਸੀ ਗਾਂ ਦੀ ਲੱਸੀ ਦੋ ਦਿਨ ਤਕ ਤਾਂਬੇ ਦੇ ਬਰਤਨ ਵਿਚ (ਜਿਆਦਾ ਖੱਟਾ ਬਨਾਉਣ ਵਾਸਤੇ) ਰੱਖ ਕੇ 200 ਲਿਟਰ ਪਾਣੀ,100 ਗ੍ਰਾਮ ਹਿੰਗ,100 ਗ੍ਰਾਮ ਹਲਦੀ ਮਿਲਾ ਕੇ ਫਸਲ ਉੱਪਰ

ਸਪਰੇ ਕਰ ਸਕਦੇ ਹੋ।

6. ਫਫੂੰਦੀ ਦੀਆਂ ਕਿਸਮਾਂ ਅਤੇ ਉਹਨਾਂ ਪ੍ਰਤਿ ਕੀਤੇ ਗਏ ਉਪਾਅ

(1) ਕਰਪਾ (ਪੱਤਿਆਂ ਦੇ ਝੁਲਸ ਰੋਗ) ਤੋਂ ਬਚਾਉਣ ਵਾਸਤੇ :

(A)ਸਵੇਰੇ ਸੂਰਜ ਚੜ੍ਹਨੇ ਤੋਂ ਪਹਿਲਾਂ, ਜਿਸ ਦਿਸ਼ਾ ਵਲੋਂ ਹਵਾ ਆਉਂਦੀ ਹੈ ਉਸ ਦਿਸ਼ਾ ਵਿਚ ਦੇਸੀ ਗਾਂ ਦੇ ਗੋਬਰ ਦੀਆਂ ਪਾਥੀਆਂ ਜਲਾ ਕੇ ਧੂਆਂ ਕਰੋ। ਬਾਅਦ ਵਿਚ ਉਹ ਸੁਆਹ ਫਸਲ ਉੱਤੇ ਛਿੜਕੋ।

(B)5 ਲਿਟਰ ਦੇਸੀ ਗਾਂ ਦੀ ਲੱਸੀ, 2 ਦਿਨ ਤੱਕ ਤਾਂਬੇ ਦੇ ਬਰਤਨ ਵਿਚ ਰਖੋ।200 ਲਿਟਰ ਪਾਣੀ, 100 ਗ੍ਰਾਮ ਹਿੰਗ, 100 ਗ੍ਰਾਮ ਹਲਦੀ ਉਸ ਲੱਸੀ ਵਿਚ ਮਿਲਾ ਕੇ ਫਸਲ ਉੱਪਰ ਛਿੜਕੋ ।

2. ਤਾਂਬੇਰਾ (ਜੰਗ ਲਗਣਾ) : (ਧਾਨ, ਸੋਇਆਬੀਨ, ਕਣਕ ਜੈਸੀ ਫਸਲ ਉੱਪਰ ਆਉਣ ਵਾਲੀ ਬੀਮਾਰੀ)

(A) ਕੌੜੀ ਨਿੰਮ ਦਾ ਤੇਲ 100 ਮਿ.ਲਿ. ਕਰੰਜੀ ਦਾ ਤੇਲ 100 ਮਿ.ਲਿ. ਗੋਮੂਤਰ 100 ਮਿ.ਲਿ.,ਸਟੀਕਰ 10 ਮਿ.ਲਿ.(ਐਬਸਾ 80,ਅੱਮਵੇ,20ਗ੍ਰਾਮ ਸਾਬਨ ਪੋਡਰ) 15 ਲਿਟਰ ਪਾਣੀ ਵਿਚ ਘੋਲ ਕੇ ਛਿੜਕੋ।

ਜਾਂ

(B) ਕਰਪਾ ਕੰਟਰੋਲ ਦਾ ਨੋ ਫਾਰਮੂਲਾ ਪ੍ਰਯੋਗ ਕਰ ਸਕਦੇ ਹੋ ।

(C) ਭੂਰੀ ਅਤੇ ਡਾਊਨੀ ਮਿਲਡਿਊ (ਣਰਮਅਖ ਝਜ;ਦਕਮ) ਦੇ ਕੰਟਰੋਲ ਵਾਸਤੇ :-

ਦੇਸੀ ਪਪੀਤੇ ਦੇ ਪੱਤੇ 2 ਕਿਲੋ, ਸਹਜਨ ਦੇ ਪੱਤੇ 2 ਕਿਲੋ,ਗੋਮੂਤਰ 4 ਲਿਟਰ 200 ਲਿਟਰ ਪਾਣੀ ਵਿਚ ਘੋਲ ਕੇ ਤਿੰਨ ਦਿਨਾਂ ਤੱਕ ਟੈਂਕੀ ਵਿਚ ਸੜਨ ਦੇਵੋ।ਇਸ ਘੋਲ ਨੂੰ ਹਰ ਰੋਜ਼ ਦੋ ਬਾਰ ਡੰਡੇ ਨਾਲ ਘੜੀ ਦੀ ਦਿਸ਼ਾ ਵਿਚ ਹਿਲਾਓ ਅਤੇ ਛਾਣ ਕੇ ਸਪਰੇ ਕਰੋ(ਟੈਂਕੀ ਦੇ ਮੂੰਹ ਉੱਤੇ ਮੋਟਾ ਕਪੜਾ ਬੰਨ ਕੇ ਰਖੋ।

ਜਾਂ

ਕਰਪਾ ਕੰਟਰੋਲ ਦਾ ਨੋ ਫਾਰਮੂਲਾ ਪ੍ਰਯੋਗ ਕਰ ਸਕਦੇ ਹੋ ।

7. ਸਫੇਦ ਲਟ (ਹੁਮਨੀ) ਅਤੇ ਦੀਮਕ (ਉਦਰਈ) ਵਾਸਤੇ :

(A) ਇਕ ਕਿਲੋ ਬਚ (ਵੇਖੰਡ) ਕੁੱਟ ਕੇ ਪੌਡਰ ਬਣਾਓ। ਇਸ ਨੂੰ 6 ਲਿਟਰ ਪਾਣੀ ਪਾ ਕੇ ਉਬਾਲੋ ਜਦੋਂ ਤੀਕ 3 ਲਿਟਰ ਬਾਕੀ ਰਹਿ ਜਾਵੇ। ਇਸ ਨੂੰ ਠੰਡਾ ਹੋਣ ਤੋਂ ਬਾਅਦ 500 ਗ੍ਰਾਮ ਹਿੰਗ, 200 ਲਿਟਰ ਪਾਣੀ ਮਿਲਾ ਕੇ ਇਕ ਏਕੜ ਜ਼ਮੀਨ ਉੱਤੇ ਜ਼ਮੀਨ ਗਿੱਲੀ ਹੋਵੇ ਤਾਂ ਛਿੜਕੋ ਜਾਂ ਪਾਣੀ ਦੇ ਨਾਲ

ਵੀ ਲਾ ਸਕਦੇ ਹੋ।

ਜਾਂ

(B) ਇਕ ਕਿਲੋ ਕਪਾਸ ਦੇ ਪੌਦਿਆਂ ਦੀ ਲਕੜੀ ਦੇ ਛੋਟੇ ਛੋਟੇ ਟੁਕੜੇ ਕਰਕੇ 6 ਲਿਟਰ ਪਾਣੀ ਵਿਚ ਪਾ ਕੇ ਉਬਾਲੋ ਜਦੋਂ ਤੀਕ ਕਿ ਪਾਣੀ 3 ਲਿਟਰ ਰਹਿ ਜਾਵੇ। ਇਸ ਨੂੰ ਠੰਡਾ ਹੋਣ ਤੋਂ ਬਾਅਦ 200 ਲਿਟਰ ਪਾਣੀ ਵਿਚ ਮਿਲਾ ਕੇ ਜਦੋਂ ਜ਼ਮੀਨ ਗਿੱਲੀ ਹੋਵੇ ਉਦੋਂ ਛਿੜਕੋ ਜਾਂ ਪਾਣੀ ਦੇ ਨਾਲ ਵੀ ਲਾ ਸਕਦੇ ਹੋ।

ਜਾਂ

(C) ਇਕ ਕਿਲੋ ਮੇਟਰੀਜੀਅਮ ਏਨੀਸੋਪਲਈ 1।00× ਘੁਲਨਸ਼ੀਲ ਚੂਰਨ ਇਕ ਏਕੜ ਜਮੀਨ ਵਿਚ 50 ਕਿਲੋ ਮਿੱਟੀ ਜਾਂ ਗੋਬਰ ਵਿਚ ਰਲਾ ਕੇ ਗਿੱਲੀ ਜ਼ਮੀਨ ਵਿਚ ਸ਼ਾਮ ਦੇ ਸਮੇਂ ਛਿੜਕੋ ਜਾਂ ਪਾਣੀ ਦੇ ਨਾਲ ਵੀ ਲਾ ਸਕਦੇ ਹੋ ਜਾਂ 100 ਲਿਟਰ ਪਾਣੀ ਵਿਚ ਮਿਲਾ ਕੇ ਸ਼ਾਮ ਦੇ ਸਮੇਂ ਗਿੱਲੀ ਜ਼ਮੀਨ ਵਿਚ ਛਿੜਕੋ।

8. ਫਲ ਦਾ ਸਾਇਜ਼ ਵੱਡਾ ਕਰਨ ਵਾਸਤੇ :-

200 ਗ੍ਰਾਮ ਜੇਸ਼ਠ ਮੱਧ (ਪੋਡਰ ਬਣਾਕੇ)200 ਗ੍ਰਾਮ ਤਿਲ ਕੁੱਟ ਕੇ 5 ਲਿਟਰ ਪਾਣੀ ਵਿਚ ਮਿਲਾ ਕੇ ਉਦੋਂ ਤੱਕ ਉਬਾਲੋ ਜਦੋਂ ਤੱਕ ਪਾਣੀ 2½ਲਿਟਰ ਬਚ ਜਾਏ। ਘੋਲ ਠੰਡਾ ਹੋਣ ਤੋਂ ਬਾਅਦ 500 ਗ੍ਰਾਮ ਗੁੜ ਮਿਲਾਓ। ਫੇਰ 200 ਲਿਟਰ ਪਾਣੀ ਵਿਚ ਮਿਲਾ ਕੇ ਛਿੜਕੋ।

ਖੇਤੀ ਵਾਸਤੇ ਅਨੁਕੂਲ ਵਾਤਾਵਰਣ

ਖੇਤੀ ਵਾਸਤੇ ਅਨੁਕੂਲ ਵਾਤਾਵਰਣ ਤਿਆਰ ਕਰਨ ਲਈ ਕਈ ਪ੍ਰਕਾਰ ਦੇ ਰੁੱਖ, ਬਨਸਪਤੀ ਦਾ ਉਪਯੋਗ ਹੁੰਦਾ ਹੈ। ਪਹਿਲਾਂ ਖੇਤਾਂ ਦੇ ਬੰਨਿਆਂ ਉੱਤੇ ਅਨੇਕ ਰੁੱਖ ਹੁੰਦੇ ਸੀ।ਇਸ ਦੇ ਕਾਰਨ ਵਾਤਾਵਰਣ ਦੀ ਸੰਭਾਲ ਹੁੰਦੀ ਸੀ। ਕਈ ਕਾਰਣਾਂ ਕਰਕੇ ਅੱਜ ਰੁੱਖਾਂ ਦੀ ਸੰਖਿਆ ਬਹੁਤ ਘੱਟ ਹੋ ਗਈ ਹੈ। ਇਸ ਨਾਲ ਮਿੱਤਰ ਕੀੜੇ ਨਸ਼ਟ ਹੋ ਰਹੇ ਹਨ, ਮਿੱਟੀ ਅਨਉਪਜਾਊ ਬਣ ਰਹੀ ਹੈ।ਮੀਂਹ ਦਾ ਪਾਣੀ ਜ਼ਮੀਨ ਵਿਚ ਰੱਚ ਸਕੇ ਇਸ ਵਾਸਤੇ ਰੁੱਖ ਬਹੁਤ ਉਪਯੋਗੀ ਹਨ।ਤੇਜ਼ ਚਲਣ ਵਾਲੀ ਹਵਾ, ਗਰਮ ਹਵਾ ਦੇ ਝੋਕੇ, ਵਾਤਾਵਰਣ ਦੀ ਬਹਾਲੀ, ਇਹ ਸਭ ਕੁਝ ਖੇਤਾਂ ਦੇ ਬੰਨਿਆਂ ਉੱਪਰ ਲੱਗੇ ਰੁੱਖ ਕੰਟਰੋਲ ਕਰਦੇ ਹਨ।ਇਸ ਵਾਸਤੇ ਸਾਨੂੰ ਅਜਿਹੇ ਰੁੱਖ,ਬਨਸਪਤੀ ਬੰਨਿਆਂ ਉੱਪਰ ਉਗਾਣੇ ਚਾਹੀਦੇ ਹਨ। ਖੇਤ ਦੇ ਬੰਨੇ ਤੇ ਪੱਛਮ ਦਿਸ਼ਾ ਵੱਲ ਨਿੰਮ, ਪੰਗਾਰਾ, ਕੜੀ ਪੱਤਾ, ਸ਼ਰੀਫਾ, ਗਿਜੀਪੁਸ਼ਪ(ਗਲੇਰੀਸ਼ਿਡਆ) ਅਰੰਡੀ, ਬਕਾਨਾ,ਸ਼ੇਵਰੀ, ਰੂਈ,ਸਬਜਾ, ਅੜੂਸਾ, ਕਰੰਜੀ ਆਦਿ ਦੇ ਰੁੱਖ ਉਗਾਓ ਅਤੇ ਦੱਖਣ ਦੀ ਦਿਸ਼ਾ ਵੱਲ ਅਸ਼ੋਕਾ, ਸਰੂ, ਸਿਲਵਰਓਕ ਕਿਸਮ ਦੇ ਰੁੱਖ ਲਾਓ। ਖੇਤ ਵਿਚ ਪ੍ਰਤਿ ਇਕ ਹਜ਼ਾਰ ਵਰਗ ਫੁਟ ਵਿਚ ਇਕ ਤੁਲਸੀ ਦਾ ਪੌਦਾ ਅਤੇ ਇਕ ਗੇਂਦੇ ਦੇ ਫੁੱਲਾਂ ਦਾ ਪੌਦਾ ਲਗਾਉਣਾ ਬਹੁਤ ਜ਼ਰੂਰੀ ਹੈ।

ਖੇਤੀ ਵਿਚ ਰੁੱਖਾਂ ਅਤੇ ਬਨਸਪਤੀ ਦਾ ਮਹੱਤਵ :-

1. ਕੌੜੀ ਨਿੰਮ ਦਾ ਪੇੜ:-ਇਹ 250 ਪ੍ਰਕਾਰ ਦੇ ਵਿਸ਼ਾਣੂਜਨਕ ਰੋਗਾਂ ਨੂੰ ਰੋਕਦਾ ਹੈ, ਇਸ ਨਾਲਵਾਤਾਵਰਣ ਸ਼ੁੱਧ ਬਣਦਾ ਹੈ ਅਤੇ ਮਿੱਤਰ ਕੀੜਿਆਂ ਨੂੰ ਆਸਰਾ ਮਿਲਦਾ ਹੈ।

2. ਸੀਤਾ ਫਲ (ਸ਼ਰੀਫਾ) : ਮਿਲੀਬਗਜ਼ ਨਾਮ ਦਾ ਕੀੜਾ ਇਸ ਰੁੱਖ ਉੱਪਰ ਬੈਠਦਾ ਹੈ।ਇਸ ਲਈ ਨੇੜੇ ਵਾਲੇ ਖੇਤਾਂ ਵਿਚ ਜੋ ਵੀ ਫਸਲ ਹੋਵੇ ਉਸ ਉੱਤੇ ਇਹ ਕੀੜੇ ਨਹੀਂ ਫੈਲਦੇ।

3. ਕੜੀ ਪੱਤਾ : ਬੁਲਬੁਲ ਵਰਗੇ ਪੰਛੀ ਇਸ ਉੱਪਰ ਆਪਣਾ ਆਲ੍ਹਣਾ ਬਣਾਉਂਦੇ ਹਨ ਅਤੇ ਇਹ ਪੰਛੀ ਅਨੇਕ ਕੀੜਿਆਂ ਨੂੰ ਖਾਂਦਾ ਹੈ।

4. ਗੇਂਦੇ ਦੇ ਫੁਲ : ਇਸ ਪੌਦੇ ਦੀਆਂ ਜੜ੍ਹਾਂ ਕਾਰਨ ਸੂਤ੍ਰਕ੍ਰਮੀ (ਨਿਮੇਟੋਡ) ਦੀ ਰੋਕਥਾਮ ਹੁੰਦੀ ਹੈ ਅਤੇ ਲੇਡੀਬਰਡ ਬਿਟਲ (;ਦਖ ਨਜਗਦ ਨਕਕਵ;ਕ) ਨਾਮ ਦਾ ਭੌਰਾ ਜੋ ਮਿਲੀਬਗਜ਼ ਨੂੰ ਖਾਂਦਾ ਹੈ, ਉਹ ਇਹਨਾਂ ਪੌਦਿਆਂ ਉੱਤੇ ਬੈਠਦਾ ਹੈ।

5. ਤੁਲਸੀ : ਇਸ ਨਾਲ ਓਜ਼ੋਨ ਗੈਸ ਦਾ ਨਿਰਮਾਣ ਹੁੰਦਾ ਹੈ।ਇੱਲੀਆਂ ਦੇ ਆਂਡੇ ਦੇਣ ਵਾਲੀ ਸਫੇਦ ਮੱਖੀਆਂ ਵਿਚ ਜੋ ਨਰ ਪਤੰਗੇ ਹੁੰਦੇ ਹਨ ਉਹ ਇਸ ਪੌਦੇ ਉੱਪਰ ਬੈਠਣ ਨਾਲ ਨਿਪੁੰਸਕ ਬਣ ਜਾਂਦੇ ਹਨ।ਮੱਛਰ ਵੀ ਭੱਜ ਜਾਂਦੇ ਹਨ।

ਤੁਲਸੀ ਵਿਚ 27 ਪ੍ਰਕਾਰ ਦੇ ਅਲਕੋਲਾਇਡ ਹੁੰਦੇ ਹਨ ਜਿਸ ਨਾਲ ਜ਼ਮੀਨ ਵਿਚ ਫਫੂੰਦੀ ਦਾ

ਕੰਟਰੋਲ ਹੋ ਜਾਂਦਾ ਹੈ।

6. **ਗਿਰੀਪੁਸ਼ਪ :** ਇਹ ਬਨਸਪਤੀ ਹਵਾ ਵਿਚੋਂ ਨਾਇਟਰੋਜਨ ਲੈਂਦੀ ਹੈ ।ਇਸ ਦੇ ਪੱਤੇ ਜ਼ਮੀਨ ਵਿਚ ਮਿਲਾਉਣ ਨਾਲ ਨਾਇਟਰੋਜਨ ਫਸਲ ਨੂੰ ਮਿਲਦੀ ਹੈ।

7. **ਸ਼ੇਵਰੀ ਸੁਬਾਭਲ :** ਇਹ ਪਸ਼ੂਆਂ ਵਾਸਤੇ ਵਧੀਆ ਚਾਰਾ ਹੈ। ਇਸ ਨੂੰ ਹਰੀ ਖਾਦ ਦੇ ਰੂਪ ਵਿਚ ਵੀ ਇਸਤੇਮਾਲ ਕਰ ਸਕਦੇ ਹੋ।

8. **ਸਬਜ਼ਾ ਅਤੇ ਅਡੂਸਾ :** ਇਹ ਆਯੁਰਵੇਦਿਕ ਦਵਾਈਆਂ ਹਨ। (ਅਡੂਸਾ ਦੇ ਪੱਤੇ ਗੰਡੋਏ ਦੀ ਖਾਦ ਬਨਾਉਣ ਵਿਚ ਵਰਤੇ ਜਾਂਦੇ ਹਨ)

9. ਨਿੰਮ, ਸ਼ਰੀਫਾ, ਅਰਿੰਡੀ,ਕਰੰਜੀ, ਰੂਈ ਦੇ ਪੱਤਿਆਂ ਨਾਲ ਦਸ਼ਪਰਣੀ ਅਰਕ ਤਿਆਰ ਹੁੰਦਾ ਹੈ ਜੋ ਉੱਤਮ ਕੀਟਰੋਧਕ ਹੈ।

10. ਅਸ਼ੋਕਾ, ਸਰੂ,ਵਰਗੇ ਰੁੱਖ ਲਾਉਣ ਨਾਲ ਤੇਜ਼ ਚਲਣ ਵਾਲੀ ਹਵਾ ਤੋਂ ਫਸਲ ਦਾ ਬਚਾ ਹੁੰਦਾ ਹੈ।

ਸ਼ਿਵ ਭਗਵਾਨਵਾਚ
"ਪਰਮਾਤਮ ਸਿਮ੍ਰਤੀ ਦਾ ਪਾਣੀ ਅਤੇ ਸਵੈ ਸਰੂਪ ਦੀ ਧੁੱਪ ਦੇ ਕੇ ਬੀਜ ਨੂੰ ਫਲੀਭੂਤ ਬਣਾਓ"

ਪ੍ਰਾਚੀਨ ਯੋਗਿਕ ਖੇਤੀ ਕਰਨ ਵਾਲੇ ਕਿਸਾਨਾਂ ਪ੍ਰਤੀ ਸੁਝਾਅ ਅਤੇ ਨਿਯਮਾਵਲੀ

1. ਪ੍ਰਾਚੀਨ ਯੋਗਿਕ ਖੇਤੀ ਵਿਚ ਪਰਮਾਤਮਾ ਦਾ ਝੰਡਾ ਜਰੂਰ ਲਹਿਰਾਓ।ਯੋਗਿਕ ਖੇਤੀ ਵਿਚ ਪਰਮਾਤਮਾ ਦਾ ਝੰਡਾ ਲਹਿਰਾਣਾ ਜ਼ਰੂਰੀ ਹੈ। ਇਕ ਤਾਂ ਝੰਡਾ ਦੇਖ ਕੇ ਮਨ ਦੇ ਵਿਚਾਰ (ਨੇਗੇਟਿਵ) ਬਦਲ ਜਾਂਦੇ ਹਨ, ਭਾਵਨਾ ਚੰਗੀ ਬਣ ਜਾਂਦੀ ਹੈ। ਦੂਜਾ ਝੰਡੇ ਵਿਚਲੇ ਲਾਲ ਤੇ ਪੀਲੇ ਰੰਗ ਨਾਲ ਫਸਲ ਦੀ ਗਰੋਥ ਪਾਵਰ(ਵਧਣ ਸ਼ਕਤੀ) ਵਿਚ ਵਾਧਾ ਹੁੰਦਾ ਹੈ ਅਤੇ ਕੀੜਿਆਂ ਉੱਪਰ ਵੀ ਕੰਟਰੋਲ ਹੁੰਦਾ ਹੈ।ਹਵਾ ਦੇ ਝੌਕੇ ਨਾਲ ਝੰਡਾ ਲਹਰਾਉਂਦੇ ਸਮੇਂ ਸੂਰਜ ਦੀਆਂ ਕਿਰਣਾਂ ਨਾਲ ਰੰਗ ਤੋਂ ਲਿਸ਼ਕਾਰੇ ਨਾਲ ਫਸਲ ਤੱਕ ਪਹੁੰਚਣ ਨਾਲ ਫਸਲ ਸ਼ਕਤੀਸ਼ਾਲੀ ਬਣਦੀ ਹੈ ਅਤੇ ਫਸਲ ਵਿਚ ਵਾਧਾ ਹੁੰਦਾ ਹੈ। ਪੀਲਾ ਰੰਗ ਇੱਲੀਆਂ ਦੇ ਆਂਡੇ ਦੇਣ ਵਾਲੀ ਮੱਖੀਆਂ ਨੂੰ ਆਪਣੇ ਵੱਲਖਿੱਚਦਾ ਹੈ।

ਮੱਖੀਆਂ ਪੀਲੇ ਰੰਗ ਉੱਪਰ ਆਂਡੇ ਦਿੰਦੀਆਂ ਹਨ ਅਤੇ ਆਂਡੇ ਤੋਂ ਜਦੋਂ ਇੱਲੀਆਂ ਬਾਹਰ ਆਉਂਦੀਆਂ ਹਨ ਤਾਂ ਉਹਨਾਂ ਨੂੰ ਖਾਣ ਵਾਸਤੇ ਕੁਝ ਨਹੀਂ ਮਿਲਦਾ ਤੇ ਉਹ ਮਰ ਜਾਂਦੇ ਹਨ। ਇਸ ਤਰ੍ਹਾਂ ਕੀੜਿਆਂ ਤੋਂ ਬਚਾ ਹੋ ਜਾਂਦਾ ਹੈ।ਇਸ ਵਾਸਤੇ 10 ਹਜ਼ਾਰ ਵਰਗ ਫੁਟ ਖੇਤ ਵਿਚ ਇਕ ਝੰਡਾ ਫਸਲ ਤੋਂ ਪੰਜ ਫੁਟ ਉੱਚਾ ਕਰਕੇ ਲਹਿਰਾਓ।

2. ਯਤਨ ਅਤੇ ਮਿਹਨਤ ਤੋਂ ਹੀ ਉੱਨਤੀ ਸੰਭਵ ਹੈ।

3. ਯੋਗਿਕ ਖੇਤੀ ਲਈ ਕਿਸਾਨ ਜ਼ਮੀਨ ਵਿਚ ਹੱਲ ਚਲਾਉਣ ਤੋਂ ਲੈ ਕੇ ਫਸਲ ਦੀ ਉਪਜ ਘਰ ਲੈ ਆਉਣ ਤਕ ਹੇਠਾਂ ਦਰਜ ਕੰਮ ਨੰਬਰਵਾਰ ਕਰੋ।

(ਜ) ਖੇਤਾਂ ਵਿਚ ਵੱਖ-ਵੱਖ ਕਰਮ ਕਰਦੇ ਸਮੇਂ ਅਲੱਗ-ਅਲੱਗ ਸੰਕਲਪ ਕਰੋ ਜਿਵੇਂ ਕਿ ਪ੍ਰਯੋਗ ਦੀ ਵਿੱਧੀ ਵਿਚ ਦਸਿਆ ਹੈ।

(ਜਜ) ਚੁਣੇ ਹੋਏ ਗੀਤ ਵਜਾਉਣ ਵਾਸਤੇ ਕਿਸਾਨਾਂ ਨੂੰ ਪ੍ਰੇਰਨਾ ਦਿੱਤੀ ਜਾਵੇ।

(ਜਜਜ) * ਕਿਤਨਾ ਸੁੰਦਰ ਕਿਤਨਾ ਵਿਰਾਟ ਹੋਗਾ ਰਚਨਾਕਾਰ,ਰਚਾ ਹੈ ਜਿਸਨੇ ਇਤਨਾ ਸੁੰਦਰ ਵਿਸ਼ਾਲ ਯੇਹ ਸੰਸਾਰ.....

* ਸਭ ਕਾ ਮਾਲਕ ਏਕ ਫਿਰ ਕਿਉਂ ਬਟਾ ਹੂਆ ਸੰਸਾਰ......

* ਮੇਰਾ ਗਾਂਵ ਮੇਰਾ ਦੇਸ਼.....ਗਾਂਵ ਕਾ ਛੋਰਾ.....

* ਮੇਰੇ ਦੇਸ਼ ਕੀ ਧਰਤੀ ਸੋਨਾ ਉਗਲੇ,ਉਗਲੇ ਹੀਰੇ ਮੋਤੀ....(ਦੇਸ਼ ਭਗਤੀਦੇ ਗੀਤ ਬਜਾ ਸਕਦੇ ਹੋ)

* ਪਾਂਚ ਤੱਤੋਂ ਕੋ ਧਿਆਨ ਮੇਂ ਰਖਤੇ ਹੂਏ.....ਜੈਸੇ ਨਭ ਮੇਂ ਤਾਰੋਂ ਕੀ ਸ਼ੋਭਾ ਹੋਤੀ ਵੈਸੇ ਧ ਰ ਾ

ਪਰ.....

ਇਸ ਪ੍ਰਕਾਰ ਦੇ ਗੀਤ ਸੁਣਦੇ ਹੋਏ ਕਿਸਾਨਾਂ ਨੂੰ ਖੇਤ ਵਿਚ ਕੰਮ ਕਰਦੇ ਮਜ਼ਾ ਆਏਗਾ ਅ ਤੇ ਫਸਲ, ਬਨਸਪਤੀ ਉੱਤੇ ਵੀ ਉਸ ਖੁਸ਼ੀ ਦਾ ਅਸਰ ਚੰਗਾ ਪਵੇਗਾ, ਪੇੜ ਪੌਦੇ ਵੀ ਖੁ ਸ਼ੀ ਨਾ ਲ ਝੂਮਦੇ ਰਹਿਣਗੇ।

ਨਿਯਮ :-

1. ਖੇਤੀ ਕਰਨ ਵਾਲੇ ਕਿਸਾਨ ਕੋਈ ਵੀ ਨਸ਼ਾ ਨਾ ਕਰਦੇ ਹੋਣ। ਸ਼ਰਾਬ, ਸਿਗਰੇਟ, ਗੁਟਕਾ ਜਾਂ ਹੋਰ ਕਿਸੇ ਪ੍ਰਕਾਰ ਦੇ ਨਸ਼ੀਲੇ ਪਦਾਰਥਾਂ ਦਾ ਪ੍ਰਯੋਗ ਮਨ੍ਹਾ ਹੈ।

2. ਪਵਿਤ੍ਰਤਾ ਦੇ ਮਹੱਤਵ ਨੂੰ ਸਮਝਦੇ ਹੋਏ ਬ੍ਰਹਮਚਰਯਾ ਦਾ ਪਾਲਨ ਕਰਨਾ ਹੈ।

3. ਸ਼ੁਧ ਆਹਾਰੀ, ਸ਼ਾਕਾਹਾਰੀ ਰਹਿਣਾ ਹੈ।

4. ਸ਼ੁਭ ਚਿੰਤਨ ਵਿਚ ਰਹਿਣ ਲਈ ਰੋਜ਼ ਇਸ਼ਵਰੀ ਮਹਾਂਵਾਕ (ਗਿਆਨ ਮੁਰਲੀ) ਪੜ੍ਹਨੀ ਯਾ ਸੁ ਣਨੀ ਹੈ।

5. ਵਿਅਰਥ ਜਾਂ ਨਿਗੇਟਿਵ ਚਿੰਤਨ ਨਹੀਂ ਕਰਨਾ ਹੈ। ਵਿਅਰਥ ਨੂੰ ਸਮਰੱਥ ਤੇ ਨਿਗੇਟਿਵ ਨੂੰ ਪਾਜ਼ਿਟਿਵ ਵਿਚ ਪਰਿਵਰਤਨ ਕਰਨ ਦੀ ਆਦਤ ਪਾਉਣੀ ਹੈ।

6. ਕਿਸੇ ਨਾਲ ਵੀ ਵੈਰ ਭਾਵਨਾ ਨਹੀਂ ਰਖਣੀ ਹੈ। ਸ਼ੁਭ ਅਤੇ ਸ਼ਕਤੀਸ਼ਾਲੀ ਭਾਵਨਾ ਨਾਲ ਭਰਪੂਰ ਰਹਿਣਾ ਹੈ।

7. ਈਰਖਾ, ਦਵੈਸ਼, ਨਫਰਤ, ਘਿਰਣਾ ਨਹੀਂ ਹੋਣੀ ਚਾਹੀਦੀ।

8. ਆਤਮਵਿਸ਼ਵਾਸੀ, ਦਰਿੜ ਸੰਕਲਪਧਾਰੀ ਬਣਨਾ ਹੈ।

9. ਇਕਾਂਤ ਪਸੰਦ, ਪਰਮਾਤਮ ਸਨੇਹੀ ਬਣਨਾ ਹੈ।

10.ਅੰਮ੍ਰਿਤ ਵੇਲੇ ਦੇ ਮਹੱਤਵ ਨੂੰ ਸਮਝ ਕੇ ਸਵੇਰੇ ਉਠ ਕੇ ਹਰ ਰੋਜ਼ ਯੋਗ ਅਭਿਆਸ ਕਰਨ ਦੀ ਆਦਤ ਬਣਾਓ।

11.ਗਊ ਸੇਵਾ ਨਾਲ ਪਿਆਰ ਰੱਖੋ, ਦੇਸੀ ਗਊ ਪਾਲ ਕੇ ਗੋਬਰ ਅਤੇ ਗੋਮੂਤਰ ਦਾ ਪ੍ਰਯੋਗ ਖੇਤੀ ਵਿਚ ਕਰੋ।

12. ਕਿਸਾਨ ਭਾਈ ਭੈਣਾਂ ਨੂੰ ਜਾਂ ਖੇਤਾਂ ਵਿਚ ਕੰਮ ਕਰਨ ਵਾਲੇ ਹੋਰ ਕਾਮਿਆਂ ਨੂੰ ਨਸ਼ਾ ਮੁਕਤ ਬਣਾਓ ਅਤੇ ਹੋ ਸਕੇ ਤਾਂ ਸਪਤਾਹਿਕ ਕੋਰਸ ਵੀ ਕਰਵਾਓ ਤਾਂ ਚੰਗਾ ਹੋਵੇਗਾ।

ਸ਼ਿਵ ਭਗਵਾਨਵਾਚ
ਪਰਮਾਤਮ ਨਿਸ਼ਚੇ ਅਤੇ ਨਿਸਚਿੰਤ ਸਥਿਤੀ
ਅਸੰਭਵ ਨੂੰ ਵੀ ਸੰਭਵ ਕਰ ਸਕਦਾ ਹੈ।

ਅਲੱਗ-ਅਲੱਗ ਫਸਲਾਂ ਲਈ ਧਿਆਨ ਦੇਣ ਯੋਗ ਗੱਲਾਂ

1. ਜਵਾਰੀ ਦੀ ਫਸਲ :

ਜਮੀਨ ਨੂੰ ਸ਼ਕਤੀਸ਼ਾਲੀ ਬਨਾਉਣ ਦੇ ਵਾਸਤੇ-

1. ਪ੍ਰਤਿਏਕੜ 6 ਟਨ ਗੋਬਰ ਦੀ ਖਾਦ ਜਾਂ ਹਰੀ ਖਾਦ ਨੂੰ ਜਮੀਨ ਵਿਚ ਮਿਲਾ ਕੇ ਬਿਜਾਈ ਵਾਸਤੇ ਜਮੀਨ ਤਿਆਰ ਕਰੋ ।

2. ਬੀਜ ਬੀਜਣ ਦੇ ਸਮੇਂ ਅਤੇ ਉਸ ਤੋਂ ਬਾਅਦ ਹਰ 20 ਦਿਨਾਂ ਦੇ ਫਰਕ ਤੇ 200 ਲਿਟਰ ਜੀਵ ਅੰਮ੍ਰਿਤ ਇਕ ਏਕੜ ਜਮੀਨ ਵਿਚ, ਜਮੀਨ ਗਿੱਲੀ ਹੋਵੇ ਤਾਂ ਸ਼ਾਮ ਦੇ ਸਮੇਂ ਛਿੜਕਾ ਕਰੋ ਜਾਂ ਪਾਣੀ ਲਾਉਣ ਦੇ ਨਾਲ ਪਾ ਦੇਵੋ। ਡਰਿਪ ਨਾਲ ਵੀ ਛਿੜਕ ਸਕਦੇ ਹੋ।

3. ਫਸਲ ਇਕ ਮਹੀਨੇ ਦੀ ਹੋ ਜਾਵੇ ਤਾਂ ਇਕ ਟਨ ਗੰਡੋਏ ਦੀ ਖਾਦ ਪ੍ਰਤੀ ਏਕੜ ਦੇ ਹਿਸਾਬ ਨਾਲ ਜਮੀਨ ਵਿਚ ਪਾਓ।

ਮਿਕਸ ਫਸਲ

1. ਖਰੀਫ ਸੀਜਨ ਵਿਚ ਜਵਾਰੀ ਵਿਚ ਤੁਅਰ, ਮੂੰਗ, ਉੜਦ ਜੈਸੀ ਫਸਲ ਮਿਕਸ ਕਰਨਾ ਜ਼ਰੂਰੀ ਹੈ ਜਿਵੇਂ ਕਿ ਛੇ ਕਤਾਰਾਂ ਜਵਾਰੀ ਤੋਂ ਬਾਅਦ ਇਕ ਕਤਾਰ ਤੁਅਰ ਜਾਂ ਦੋ ਕਤਾਰ ਮੂੰਗ ਜਾਂ ਉੜਦ, ਇਸ ਪ੍ਰਕਾਰ ਮਿਕਸ ਕਰੋ।

2. ਰਬੀ ਸੀਜ਼ਨ ਵਿਚ ਜਵਾਰੀ ਦੇ ਨਾਲ 10× ਧੰਨੀਏ ਦਾ ਬੀਜ ਮਿਕਸ ਕਰਕੇ ਬੀਜੋ ।

ਬੀਜ ਦੀ ਸੋਧ

20 ਕਿਲੋ ਬੀਜ ਨੂੰ ਬੀਜ ਅੰਮ੍ਰਿਤ ਲਾ ਕੇ ਗਿੱਲਾ ਕਰੋ। ਫੇਰ ਬੀਜ ਉੱਪਰ ਪਹਿਲਾਂ ਅੱਝੋਟੋਬਕਟਰ (ਂਰਵਰਲਕਫਵ੍ਗ) ਜਾਂ ਅੱਝੋਸਪਰੀਲੀਅਮ (ਂਰਤਬਜਗਗਜ;;ਚਠ) ਜੀਵਾਣੂ ਵ੍ਰਧਕ 250 ਗ੍ਰਾਮ ਫੇਰ ਪੀ.ਐਸ.ਬੀ.ਜੀਵਾਣੂ ਵ੍ਰਧਕ 250 ਗ੍ਰਾਮ ਦਾ ਲੇਪ ਕਰੋ। ਬੀਜ ਨੂੰ ਛਾਂ ਵਿਚ ਸੁਕਾਓ।8-10 ਘੰਟੇ ਅ਼ੰਦਰ ਜਦੋਂ ਜਮੀਨ ਗਿੱਲੀ ਹੋਵੇ ਤਾਂ ਬਿਜਾਈ ਕਰੋ।

ਫਸਲ ਦੀ ਸੰਭਾਲ

1. ਪੌਦ ਦੇ ਤਨੇ ਉੱਪਰ ਆਉਣ ਵਾਲੇ ਕੀੜੇ,ਰਸ ਚੂਸਣ ਵਾਲੇ ਕੀੜੇ,ਛੋਟੀ- ਬੜੀ ਇੱਲੀਆਂ ਅਤੇ ਮਿਲੀਬਗਜ ਅਤੇ ਭੁੱਟਾਂ ਵਿਚ ਹੋਣ ਵਾਲੀਆਂ ਇੱਲੀਆਂ,ਇਹਨਾਂ ਸਭ ਲਈ ਹਮਲਾ ਦੇਖਦੇ ਹੀ (ਹਮਲਾ ਘਟ ਹੋ ਜਾਣ ਤੱਕ) ਹਫਤੇ ਵਿਚ ਇਕ ਜਾਂ ਦੋ ਬਾਰ 4× ਗੋਮੂਤਰ, ਨਿੰਮ ਦਾ ਅਰਕ,ਜਾਂ ਦਸਪਰਣੀ ਅਰਕ ਵਿਚੋਂ ਇਕ ਦਾ ਛਿੜਕਾ ਕਰੋ।ਪਹਿਲੀ ਵਾਰ ਗੋਮੂਤਰ,ਦੂਜੀ ਵਾਰ ਨਿੰਮ ਦਾ ਅਰਕ,ਤੀਜੀ ਵਾਰ ਦਸਪਰਣੀ ਅਰਕ,ਇਸ ਤਰ੍ਹਾਂ ਪ੍ਰਯੋਗ ਕਰੋ। (ਜੇਕਰ ਤਿੰਨੋਂ ਹੀ ਉਪਲਭਧ ਹਨ ਤਾਂ ਠੀਕ ਹੈ ਨਹੀਂ ਤਾਂ ਕੋਈ ਇਕ ਦਵਾ ਵੀ ਛਿੜਕ ਸਕਦੇ ਹੋ)

ਟਾਰਫੁਲ ਰੋਗ :-ਪਾਣੀ ਦੀ ਕਮੀ ਹੋਣ ਤੇ ਇਸ ਦਾ ਹੱਲਾ ਹੋ ਸਕਦਾ ਹੈ, ਇਸ ਲਈ ਬੀਜ ਨੂੰ ਜੀਵ ਅ੍ਰਮਿੰਤ ਲਾ ਕੇ 10× ਧਨੀਆ ਮਿਕਸ ਕਰੋ।

2. ਬਾਜਰੇ ਦੀ ਫਸਲ :

ਜਮੀਨ ਨੂੰ ਸ਼ਕਤੀਸ਼ਾਲੀ ਬਨਾਉਣ ਲਈ :

(ਇਸ ਵਾਸਤੇ ਜਵਾਰੀ ਦੀ ਜਮੀਨ ਨੂੰ ਸ਼ਕਤੀਸ਼ਾਲੀ ਬਨਾਉਣ ਵਾਲਾ ਫਾਰਮੂਲਾ ਹੀ ਵਰਤੋ)

ਮਿਕਸ ਫਸਲ

ਬਾਜਰੇ ਵਿਚ ਤੁਅਰ, ਮੂੰਗ, ਉੜਦ ਜਾਂ ਮੋਠ ਜੈਸੀ ਫਸਲ ਮਿਕਸ ਕਰਨਾ ਜਰੂਰੀ ਹੈ। 6 ਲਾਇਨ ਬਾਜਰਾ, ਫੇਰ ਇਕ ਲਾਇਨ ਤੁਅਰ ਜਾਂ ਦੋ ਲਾਇਨ ਮੂੰਗ,ਉੜਦ ਜਾਂ ਮੋਠ ਵਿਚੋਂ ਕੋਈ ਇਕ-ਇਸ ਪ੍ਰਕਾਰ ਮਿਕਸ ਕਰੋ।

ਬੀਜ ਦੀ ਸੋਧ

10 ਲੀਟਰ ਪਾਣੀ ਵਿਚ 2 ਕਿਲੋ ਨਮਕ ਮਿਲਾ ਕੇ ਇਸ ਵਿਚ 10 ਕਿਲੋ ਬਾਜਰੇ ਦਾ ਬੀਜ ਪਾਓ ਅਤੇ ਹਿਲਾਓ । ਜੇਕਰ ਬੀਜ ਪਾਣੀ ਉੱਪਰ ਤੈਰਦੇ ਹਨ ਉਨ੍ਹਾਂ ਨੂੰ ਕੱਢ ਕੇ ਅਲੱਗ ਰੱਖ ਦੇਵੋ ਅਤੇ ਡੁੱਬੇ ਹੋਏ ਬੀਜਾਂ ਨੂੰ ਦੋ-ਤਿੰਨ ਵਾਰ ਸਾਫ ਪਾਣੀ ਨਾਲ ਧੋ ਕੇ ਸੁੱਕ ਜਾਣ ਦੇਵੋ। ਇਸ ਪ੍ਰਕਾਰ ਬੀਜਾਈ ਲਈ ਜਿੰਨੇ ਬੀਜ ਚਾਹੀਦੇ ਹਨ ਉਹ ਸਾਰੇ ਇਸੇ ਪ੍ਰਕਾਰ ਛਾਣ ਲਵੋ । ਇਸ ਵਿਚੋਂ 20 ਕਿਲੋ ਬੀਜ ਨੂੰ ਬੀਜ ਅੰਮ੍ਰਿਤ ਵਿਚ ਭਿਉਂ ਦੇਵੋ। ਉੱਪਰ ਤੋਂ ਪਹਿਲਾਂ ਅੱਝੋਟੋਬਕਟਰ (Azotobectar) ਜਾਂ ਅੱਝੋਸਪਰੀਲੀਅਮ (Azospirrillum) ਜੀਵਾਣੂ ਵ੍ਰਧਕ 250 ਗ੍ਰਾਮ, ਫੇਰ ਪੀ.ਐਸ.ਬੀ.ਜੀਵਾਣੂ ਵ੍ਰਧਕ 250 ਗ੍ਰਾਮ ਦਾ ਲੇਪ ਕਰੋ। ਬੀਜ ਨੂੰ ਛਾਂ ਵਿਚ ਸੁਕਾਓ।8-10 ਘੰਟੇ ਬਾਅਦ ਜਦੋਂ ਜਮੀਨ ਗਿੱਲੀ ਹੋਵੇ ਤਾਂ ਬਿਜਾਈ ਕਰੋ।

ਫਸਲ ਦੀ ਸੰਭਾਲ

ਕਿਸੇ ਵੀ ਪ੍ਰਕਾਰ ਦੇ ਕੀੜੇ ਜਾਂ ਰੋਗ ਦਾ ਹਮਲਾ ਵਿਖਾਈ ਦੇਵੇ ਤਾਂ ਹਰ 8-10 ਦਿਨਾਂ ਵਿਚ ਇਕ ਵਾਰ, ਪਹਿਲਾਂ ਨਿੰਮ ਦਾ ਅਰਕ, ਦੂਜੀ ਵਾਰ ਦਸ਼ਪਰਣੀ ਅਰਕ ਅਤੇ ਤੀਜੀ ਵਾਰ 4% ਗੋਮੂਤਰ, ਇਸ ਤਰ੍ਹਾਂ ਕੀੜੇ ਜਾਂ ਰੋਗ ਘੱਟ ਜਾਣ ਤਕ ਛਿੜਕਾ ਕਰੋ (ਸੋਸੇ ਅਤੇ ਹਿੰਗੇ ਜੈਸੇ ਕੀੜਿਆਂ ਵਾਸਤੇ)।

(3) ਮੱਕੀ ਦੀ ਫਸਲ

ਜਮੀਨ ਨੂੰ ਸ਼ਕਤੀਸ਼ਾਲੀ ਬਨਾਉਣ ਵਾਸਤੇ :

(ਇਸ ਲਈ ਜਵਾਰੀ ਦੀ ਜਮੀਨ ਨੂੰ ਸ਼ਕਤੀਸ਼ਾਲੀ ਬਨਾਉਣ ਵਾਲਾ ਫਾਰਮੂਲਾ ਹੀ ਵਰਤੋ)

ਮਿਕਸ ਫਸਲ

1. ਖਰੀਫ ਸੀਜਨ ਵਿਚ 2 ਲਾਇਨ ਮੱਕੀ ਦੇ, ਦੋ ਲਾਇਨ ਚੋਲਾਈ ਜਾਂ ਸੋਇਆਬੀਨ ਦੇ, ਇਸ ਪ੍ਰਕਾਰ ਮਿਕਸ ਕਰਨਾ ਜਰੂਰੀ ਹੈ।

2. ਰਬੀ ਸੀਜ਼ਨ ਵਿਚ ਮੱਕੀ ਵਿਚ ਕਰਡਈ, ਧਨੀਆ, ਮੇਥੀ ਜੈਸੀ ਫਸਲ 10× ਮਿਕਸ ਕਰਨਾ ਜਰੂਰੀ ਹੈ।

ਬੀਜ ਦੀ ਸੋਧ

20 ਕਿਲੋ ਬੀਜ ਨੂੰ ਬੀਜ ਅੰਮ੍ਰਿਤ ਨਾਲ ਗਿੱਲਾ ਕਰੋ ਅਤੇ ਉੱਪਰ ਤੋਂ ਪਹਿਲਾਂ ਅਝੱਟੀਬਕਟਰ ਜਾਂ ਓਝੋਸਿਪ-ਰੀਲੀਅਮ ਜੀਵਾਣੂ ਵ੍ਰਧਕ 50 ਗ੍ਰਾਮ, ਫਿਰ ਪੀ.ਐਸ.ਬੀ. ਜੀਵਾਣੂ ਵ੍ਰਧਕ 250 ਗ੍ਰਾਮ ਨਾਲ ਲੇਪ ਕਰੋ। ਬੀਜ ਨੂੰ ਛਾਂਵੇ ਸੁਕਾਓ।8-10 ਘੰਟੇ ਅੰਦਰ ਜਦੋਂ ਜਮੀਨ ਗਿੱਲੀ ਹੋਵੇ ਤਾਂ ਬਿਜਾਈ ਕਰੋ।

ਫਸਲ ਦੀ ਸੰਭਾਲ

ਤਨੇ ਉੱਤੇ ਆਉਣ ਵਾਲੇ ਕੀੜੇ, ਸਭ ਪ੍ਰਕਾਰ ਦੀ ਇੱਲੀਆਂ, ਰਸ ਚੂਸਨ ਵਾਲੇ ਕੀਟ ਮਾਵਾ (ਮਿਲੀਬਰਾਜ਼) ਆਦਿ ਦੇ ਕੰਟਰੋਲ ਕਰਨ ਵਾਸਤੇ 4% ਗੋਮੂਤਰ,5% ਨਿਮ ਦਾ ਅਰਕ ਜਾਂ ਦਸ਼ਪਰਣੀ ਅਰਕ ਬਦਲ ਬਦਲ ਕੇ ਸਪਰੇ ਕਰੋ।

(4) ਮੂੰਗਫਲੀ ਦੀ ਫਸਲ

ਜਮੀਨ ਨੂੰ ਸ਼ਕਤੀਸ਼ਾਲੀ ਬਨਾਉਣ ਵਾਸਤੇ :

(ਇਸ ਵਾਸਤੇ ਜਵਾਰੀ ਦੀ ਜਮੀਨ ਨੂੰ ਸ਼ਕਤੀਸ਼ਾਲੀ ਬਨਾਉਣ ਵਾਲਾ ਫਾਰਮੂਲਾ ਹੀ ਵਰਤੋ)

ਮਿਕਸ ਫਸਲ

ਮੂੰਗਫਲੀ ਵਿਚ 2% ਸੂਰਜਮੁਖੀ ਫੂਲ ਮਿਕਸ ਕਰੋ ਇਸ ਨਾਲ ਪਰਾਗੀ-ਕਰਣ ਬਹੁਤ ਵਧੀਆ ਹੁੰਦਾ ਹੈ ਅਤੇ 2% ਤੋਂ 5% ਚੌਲਾਈ ਮਿਕਸ ਕਰੋ ਇਸ ਨਾਲ ਮਾਵਾ (ਮਿਲੀਬਗਜ਼), ਇਹ ਕੀੜੇ ਚੌਲਾਈ ਉੱਪਰ ਆਉਂਦੇ ਹਨ ਇਸ ਵਾਸਤੇ ਮੂੰਗਫਲੀ ਦੀ ਫਸਲ ਤੇ ਨਹੀਂ ਜਾਂਦੇ।

* ਮੂੰਗਫਲੀ ਨਾਲ ਮੂੰਗ, ਉੜਦ ਵਰਗੀ ਫਸਲ ਨਹੀਂ ਲੈਣੀ ਹੈ।

ਬੀਜ ਦੀ ਸੋਧ

20 ਕਿਲੋ ਬੀਜ ਨੂੰ ਬੀਜ ਅੰਮ੍ਰਿਤ ਨਾਲ ਗਿੱਲਾ ਕਰੋ ਅਤੇ ਉੱਪਰ ਤੋਂ ਪਹਿਲਾ ਟਰਾਇਕੋਡਰਮਾ (Tricoderṃ) ਫਫੂਦੀ ਰੋਧਕ 100 ਗ੍ਰਾਮ, ਫਿਰ 250 ਗ੍ਰਾਮ ਰਾਇਝੋਬੀਅਮ (Rhizobium) ਅਤੇ 250 ਗ੍ਰਾਮ ਪੀ.ਐਸ.ਬੀ. ਜੀਵਾਣੂ ਵਰਧਕ ਦਾ ਲੇਪ ਕਰੋ ਅਤੇ ਬੀਜ ਨੂੰ ਛਾਂ ਹੇਠ ਸੁਕਾਓ। 8-10 ਘੰਟੇ ਅੰਦਰ ਗਿਲੀ ਜਮੀਨ ਅੰਦਰ ਬਿਜਾਈ ਕਰੋ।

ਫਸਲ ਦੀ ਸੰਭਾਲ

1. ਮਾਵਾ (ਮਿਲੀਬਗਜ਼) ਅਤੇ ਰਸ ਚੂਸਨ ਵਾਲੀ ਮੱਖੀਆਂ ਅਤੇ ਇੱਲੀਆਂ ਦੇ ਕੰਟਰੋਲ ਵਾਸਤੇ 4% ਗੋਮੂਤਰ ਨਿੰਮ ਦਾ ਅਰਕ ਜਾਂ ਦਸ਼ਪਰਣੀ ਅਰਕ ਬਦਲ ਬਦਲ ਕੇ ਸਪਰੇ ਕਰੋ।

2. ਟੀਕਾ ਅਤੇ ਤਾਂਬੇਰਾ (ਗੰਜਨਾ) ਦੇ ਕੰਟਰੋਲ ਵਾਸਤੇ 5% ਨਿੰਮ ਦਾ ਅਰਕ ਸਪਰੇ ਕਰੋ। ਨਿੰਮ ਦਾ ਤੇਲ 100 ਮਿ.ਲਿ., ਕਰੰਜ ਦਾ ਤੇਲ 100 ਮਿ.ਲਿ. ਗੋਮੂਤਰ 100 ਮਿ.ਲਿ.,ਵਾਸ਼ਿੰਗ ਪੌਡਰ ਅਤੇ ਗੁੜ 10 ਗ੍ਰਾਮ, 15 ਲਿਟਰ ਪਾਣੀ ਮਿਲਾ ਕੇ ਸਪਰੇ ਕਰੋ।

(5) ਸੋਇਆਬੀਨ ਦੀ ਫਸਲ

ਜਮੀਨ ਨੂੰ ਸ਼ਕਤੀਸ਼ਾਲੀ ਬਨਾਉਣ ਵਾਸਤੇ :

(ਇਸ ਵਾਸਤੇ ਜਵਾਰੀ ਦੀ ਜਮੀਨ ਨੂੰ ਸ਼ਕਤੀਸ਼ਾਲੀ ਬਨਾਉਣ ਵਾਲਾ ਫਾਰਮੂਲਾ ਹੀ ਵਰਤੋ)

ਮਿਕਸ ਫਸਲ

ਸੋਇਆਬੀਨ ਵਿਚ 2% ਮੱਕੀ ਅਤੇ 2% ਜਵਾਰੀ ਮਿਕਸ ਕਰੋ।

ਬੀਜ ਦੀ ਸੋਧ

20 ਕਿਲੋ ਬੀਜ ਨੂੰ ਬੀਜ ਅੰਮ੍ਰਿਤ ਨਾਲ ਗਿੱਲਾ ਕਰੋ ਅਤੇ ਉੱਪਰ ਤੋਂ ਪਹਿਲਾ ਟਰਾਇਕੋਡਰਮਾ ਫਫੂਦੀ ਰੋਧਕ 100 ਗ੍ਰਾਮ, ਫਿਰ 250 ਗ੍ਰਾਮ ਰਾਇਜ਼ੋਬੀਅਮ ਅਤੇ 250 ਗ੍ਰਾਮ ਪੀ.ਐਸ.ਬੀ. ਜੀਵਾਣੂ ਵਰਧਕ ਦਾ ਲੇਪ ਕਰੋ ਅਤੇ ਬੀਜ ਨੂੰ ਛਾਂ ਹੇਠ ਸੁਕਾਓ। 8-10 ਘੰਟੇ ਅੰਦਰ ਗਿਲੀ ਜਮੀਨ ਅੰਦਰ ਬਿਜਾਈ ਕਰੋ।

ਫਸਲ ਦੀ ਸੰਭਾਲ

(ਇਸ ਵਾਸਤੇ ਮੂੰਗਫਲੀ ਦੀ ਸੰਭਾਲ ਵਾਲਾ ਫਾਰਮੂਲਾ ਹੀ ਵਰਤੋ)

(6) ਤੁਅਰ ਦੀ ਫਸਲ

ਜਮੀਨ ਨੂੰ ਸ਼ਕਤੀਸ਼ਾਲੀ ਬਨਾਉਣ ਵਾਸਤੇ :

(ਇਸ ਵਾਸਤੇ ਜਵਾਰੀ ਦੀ ਜਮੀਨ ਨੂੰ ਸ਼ਕਤੀਸ਼ਾਲੀ ਬਨਾਉਣ ਵਾਲਾ ਫਾਰਮੂਲਾ ਹੀ ਵਰਤੋ)

ਮਿਕਸ ਫਸਲ

2 ਲਾਈਨ ਤੁਅਰ ਦੀਆਂ ਚਾਰ ਲਾਈਨ ਜਵਾਰੀ ਜਾਂ ਮੂੰਗਫਲੀ ਜਾਂ ਸੋਇਆਬੀਨ ਜਾਂ ਮੂੰਗ ਜਾਂ

(8) ਚਨੇ ਦੀ ਫਸਲ :

ਜਮੀਨ ਨੂੰ ਸ਼ਕਤੀਸ਼ਾਲੀ ਬਨਾਉਣ ਵਾਸਤੇ :

1. 6 ਟਨ ਫੀ ਏਕੜ ਦੇ ਹਿਸਾਬ ਨਾਲ ਗੋਬਰ ਦੀ ਖਾਦ ਜਮੀਨ ਵਿਚ ਮਿਲਾਕੇ ਜ਼ਮੀਨ ਬਿਜਾਈ ਲਈ ਤਿਆਰ ਕਰੋ।

2. ਬਿਜਾਈ ਕਰਦੇ ਸਮੇਂ ਅਤੇ ਜਦੋਂ ਫਸਲ ਨੂੰ ਪਾਣੀ ਲਾਉਂਦੇ ਹੋ ਤਾਂ 2 ਜਾਂ 3 ਬਾਰ 200 ਲਿਟਰ ਜੀਵਅਮਰਿਤ ਇਕ ਏਕੜ ਜ਼ਮੀਨ ਵਿਚ ਪਾਣੀ ਦੇ ਨਾਲ ਨਾਲ ਜਾਂ ਡਰਿਪ ਨਾਲ ਦੇਣਾ ਜਰੂਰੀ ਹੈ।

3. ਬਿਜਾਈ ਤੋਂ ਬਾਅਦ ਜ਼ਮੀਨ ਜਦੋਂ ਗਿਲੀ ਹੋਵੇ ਤਾਂ ਇਕ ਏਕੜ ਜਮੀਨ ਵਿਚ ਇਕ ਟਨ ਗੰਡੋਏ ਦੀ ਖਾਦ ਮਿਲਾਓ।

ਮਿਕਸ ਫਸਲ

1. ਚਨੇ ਦੀ ਫਸਲ ਦੇ ਚਾਰੋ ਪਾਸੇ ਇਕ ਜਾਂ ਦੋ ਲਾਈਨਾਂ ਮੱਕੀ ਦੀਆਂ ਲਾਓ। 6 ਲਾਈਨ ਚਨਾ, 3 ਲਾਈਨ ਕਰਡਈ ਅਤੇ ਇਕ ਲਾਈਨ ਧਨੀਆ, ਇਸ ਤਰ੍ਹਾਂ ਮਿਕਸ ਫਸਲ ਲੈਣਾ ਜਰੂਰੀ ਹੈ।

2. ਮੱਕੀ ਨਾਲ ਮਿੱਤਰ ਕੀੜਿਆਂ ਦੀ ਗਿਣਤੀ ਵੱਧਦੀ ਹੈ। ਧਨੀਆ ਦੇ ਉੱਪਰ ਟਰਾਇਕੋਗਰਾਮਾ ਫੈਲਦਾ ਹੈ, ਜਿਸ ਨਾਲ ਕੀਟ ਕੰਟਰੋਲ ਹੁੰਦਾ ਹੈ ਅਤੇ ਮਧੂਮੱਖੀਆਂ ਦੀ ਸੰਖਿਆ ਵਧਦੀ ਹੈ ਤਾਂ ਪਰਾਗੀਕਰਣ ਉੱਤਮ ਹੁੰਦਾ ਹੈ। ਕਰਡਈ ਨਾਲ ਪੰਛੀ ਜ਼ਿਆਦਾ ਆਉਂਦੇ ਹਨ ਅਤੇ ਇੱਲੀਆਂ ਦਾ ਕੰਟਰੋਲ ਹੋ ਜਾਂਦਾ ਹੈ।

ਬੀਜ ਦੀ ਸੋਧ

20 ਕਿਲੋ ਬੀਜ ਨੂੰ ਬੀਜ ਅੰਮ੍ਰਿਤ ਨਾਲ ਗਿੱਲਾ ਕਰੋ ਅਤੇ ਉੱਪਰ ਤੋਂ ਪਹਿਲਾ ਟਰਾਇਕੋਡਰਮਾ ਫਫੂਦੀ ਰੋਧਕ 100 ਗ੍ਰਾਮ, ਫਿਰ 250 ਗ੍ਰਾਮ ਰਾਇਜ਼ੋਬੀਅਮ ਅਤੇ 250 ਗ੍ਰਾਮ ਪੀ.ਐਸ.ਬੀ. ਜੀਵਾਣੂ ਵਰਧਕ ਦਾ ਲੇਪ ਕਰੋ ਅਤੇ ਬੀਜ ਨੂੰ ਛਾਂ ਹੇਠ ਸੁਕਾਓ। 8-10 ਘੰਟੇ ਅੰਦਰ ਗਿਲੀ ਜਮੀਨ ਅੰਦਰ ਬਿਜਾਈ ਕਰੋ।

ਫਸਲ ਦੀ ਸੰਭਾਲ

1. ਇਕ ਏਕੜ ਫਸਲ ਵਿਚ 12-15 ਲਕੜੀਆਂ ਦਾ ਐਨਟੀਨਾ (T ਸ਼ਕਲ ਦਾ)ਬਣਾ ਕੇ ਲਗਾਓ, ਜਿਹਨਾਂ ਉੱਪਰ ਪੰਛੀ ਬੈਠਦੇ ਹਨ ਤਾਂ ਕੀੜਿਆਂ ਦਾ ਕੰਟਰੋਲ ਹੁੰਦਾ ਹੈ।

2. ਇੱਲੀਆਂ ਦੀ ਰੋਕਥਾਮ ਲਈ ਪਹਿਲੇ ਹਫਤੇ ਵਿਚ 4% ਗੋਮੂਤਰ,ਦੂਜੇ ਹਫਤੇ 5% ਨਿੰਮ ਦਾ ਅਰਕ ਅਤੇ ਤੀਜੇ ਹਫਤੇ ਦਸਪਰਣੀ ਅਰਕ ਫਿਰ 4% ਗੋਮੂਤਰ ਇਸ ਤਰ੍ਹਾਂ ਸਪਰੇ ਕਰੋ।

(9) ਕਣਕ ਦੀ ਫਸਲ :

ਉੜਦ (ਇਹਨਾਂ ਵਿਚੋਂ ਇਕ ਚੀਜ਼) ਦੀਆਂ ਮਿਕਸ ਕਰਨਾ ਜ਼ਰੂਰੀ ਹੈ।

ਬੀਜ ਦੀ ਸੋਧ

20 ਕਿਲੋ ਬੀਜ ਨੂੰ ਬੀਜ ਅੰਮ੍ਰਿਤ ਨਾਲ ਗਿੱਲਾ ਕਰੋ ਅਤੇ ਉੱਪਰ ਤੋਂ ਪਹਿਲਾ ਟਰਾਇਕੋਡਰਮਾ ਫਫੂਦੀ ਰੋਧਕ 100 ਗ੍ਰਾਮ, ਫਿਰ 250 ਗ੍ਰਾਮ ਰਾਇਜ਼ੋਬੀਅਮ ਅਤੇ 250 ਗ੍ਰਾਮ ਪੀ.ਐਸ.ਬੀ. ਜੀਵਾਣੂ ਵਰਧਕ ਦਾ ਲੇਪ ਕਰੋ ਅਤੇ ਬੀਜ ਨੂੰ ਛਾਂ ਹੇਠ ਸੁਕਾਓ। 8-10 ਘੰਟੇ ਅੰਦਰ ਗਿਲੀ ਜਮੀਨ ਅੰਦਰ ਬਿਜਾਈ ਕਰੋ।

ਫਸਲ ਦੀ ਸੰਭਾਲ

1. ਇੱਲੀਆਂ, ਸੂਤਰਕਰਮੀ ਅਤੇ ਮਰ ਰੋਗ ਦੇ ਕੰਟਰੋਲ ਵਾਸਤੇ ਤੁਅਰ ਵਿਚ ਜਵਾਰੀ ਮਿਕਸ ਕਰਨਾ ਜ਼ਰੂਰੀ ਹੈ।
2. ਫਲ-ਫੁੱਲ ਲਗਣਾ ਸ਼ੁਰੂ ਹੁੰਦੇ ਹੀ ਕੀੜੇ ਕੰਟਰੋਲ ਕਰਨ ਲਈ 4% ਗੋਮੂਤਰ,5% ਨਿਮ ਦਾ ਅਰਕ,ਜਾਂ ਦਸ਼ਪਰਣੀ ਅਰਕ ਇਕ ਇਕ ਬਾਰ ਅਦਲੀ ਬਦਲੀ ਕਰਕੇ ਛਿੜਕੋ।
3. ਇਕ ਏਕੜ ਫਸਲ ਵਿਚ 12-15 ਲਕੜੀਆਂ ਦਾ ਐਨਟੀਨਾ(Tਸ਼ਕਲ ਦਾ ਬਣਾ ਕੇ ਲਗਾਓ ਜਿਸ ਉੱਪਰ ਪੰਛੀ ਬੈਠਣ ਨਾਲ ਕੀੜਿਆਂ ਦੀ ਰੋਕ-ਥਾਮ ਹੁੰਦੀ ਹੈ।

(7) ਮੂੰਗ, ਉੜਦ ਦੀ ਫਸਲਾਂ :

ਜਮੀਨ ਨੂੰ ਸ਼ਕਤੀਸ਼ਾਲੀ ਬਨਾਉਣ ਵਾਸਤੇ :

(ਇਸ ਵਾਸਤੇ ਜਵਾਰੀ ਦੀ ਜਮੀਨ ਨੂੰ ਸ਼ਕਤੀਸ਼ਾਲੀ ਬਨਾਉਣ ਵਾਲਾ ਫਾਰਮੂਲਾ ਹੀ ਵਰਤੋ)

ਮਿਕਸ ਫਸਲ

ਮੂੰਗ ਜਾਂ ਉੜਦ ਦੀ ਚਾਰ ਲਾਈਨਾਂ ਤੋਂ ਬਾਅਦ ਇਕ ਲਾਈਨ ਜਵਾਰੀ ਦੀ ਜਾਂ ਮੱਕੀ ਦੀ ਮਿਕਸ ਕਰਨਾ ਜਰੂਰੀ ਹੈ।

ਬੀਜ ਦੀ ਸੋਧ

20 ਕਿਲੋ ਬੀਜ ਨੂੰ ਬੀਜ ਅੰਮ੍ਰਿਤ ਨਾਲ ਗਿੱਲਾ ਕਰੋ ਅਤੇ ਉੱਪਰ ਤੋਂ ਰਾਇਜ਼ੋਬੀਅਮ ਜੀਵਾਣੂ ਵਰਧਕ ਅਤੇ 250 ਗ੍ਰਾਮ ਪੀ.ਐਸ.ਬੀ. ਜੀਵਾਣੂ ਵਰਧਕ ਦਾ ਲੇਪ ਕਰੋ ਅਤੇ ਬੀਜ ਨੂੰ ਛਾਂ ਹੇਠ ਸੁਕਾਓ। 8-10 ਘੰਟੇ ਅੰਦਰ ਗਿਲੀ ਜਮੀਨ ਅੰਦਰ ਬਿਜਾਈ ਕਰੋ।

ਫਸਲ ਦੀ ਸੰਭਾਲ

ਸਭ ਪ੍ਰਕਾਰ ਦੇ ਕੀਟ ਅਤੇ ਇੱਲੀਆਂ ਦੇ ਕੰਟਰੋਲ ਵਾਸਤੇ 4%ਗੋਮੂਤਰ,5% ਨਿੰਮ ਦਾ ਅਰਕ,ਜਾਂ ਦਸ਼ਪਰਣੀ ਅਰਕ ਵਿਚੋਂ ਕੋਈ ਇਕ ਦਾ ਸਪਰੇ ਕਰੋ।

ਜਮੀਨ ਨੂੰ ਸ਼ਕਤੀਸ਼ਾਲੀ ਬਨਾਉਣ ਲਈ :

(ਇਸ ਲਈ ਜਵਾਰੀ ਦੀ ਜਮੀਨ ਨੂੰ ਸ਼ਕਤੀਸ਼ਾਲੀ ਬਨਾਉਣ ਵਾਲਾ ਫਾਰਮੂਲਾ ਹੀ ਵਰਤੋ)

ਮਿਕਸ ਫਸਲ

ਕਣਕ ਵਿਚ ਰਾਈ ਅਤੇ ਰਾਜਮਾਂਹ ਜਾਂ ਘੇਵੜਾ 2% ਤੋਂ 3% ਮਿਕਸ ਕਰਨਾ ਜ਼ਰੂਰੀ ਹੈ।

ਬੀਜ ਦੀ ਸੋਧ

20 ਕਿਲੋ ਬੀਜ ਨੂੰ ਬੀਜ ਅੰਮ੍ਰਿਤ ਨਾਲ ਗਿੱਲਾ ਕਰੋ ਅਤੇ ਉੱਪਰ ਤੋਂ ਅੱਝੋਟੋਬੱਕਟਰ (Azotobectar) ਜੀਵਾਣੂ ਵਰਧਕ ਅਤੇ 250 ਗ੍ਰਾਮ ਪੀ.ਐਸ.ਬੀ. ਜੀਵਾਣੂ ਵਰਧਕ 250 ਗ੍ਰਾਮ ਦਾ ਲੇਪ ਕਰੋ ਅਤੇ ਬੀਜ ਨੂੰ ਛਾਂ ਹੇਠ ਸੁਕਾਓ। 8-10 ਘੰਟੇ ਅੰਦਰ ਗਿਲੀ ਜਮੀਨ ਅੰਦਰ ਬਿਜਾਈ ਕਰੋ।

ਫਸਲ ਦੀ ਸੰਭਾਲ

(ਇਸ ਲਈ ਮੂੰਗਫਲੀ ਦੀ ਸੰਭਾਲ ਵਾਲਾ ਫਾਰਮੂਲਾ ਹੀ ਪ੍ਰਯੋਗ ਕਰ ਸਕਦੇ ਹੋ)

ਇਸ ਦੇ ਨਾਲ ਫਸਲ ਵਿਚ ਦਾਣਾ ਭਰਨ ਸਮੇਂ ਦੋ ਵਾਰ ਲੱਸੀ (ਦੋ ਦਿਨ ਤਕ ਤਾਂਬੇ ਦੇ ਬਰਤਨ ਵਿਚ ਰੱਖ ਕੇ) ਦਾ ਛਿੜਕਾ ਕਰਨ ਨਾਲ ਕਣਕ ਦੀ ਚਮਕ ਵਿਚ ਵਾਧਾ ਹੁੰਦਾ ਹੈ।

(10) ਚਾਵਲ (ਧਾਨ) ਦੀ ਫਸਲ

ਜਮੀਨ ਨੂੰ ਸ਼ਕਤੀਸ਼ਾਲੀ ਬਨਾਉਣ ਲਈ :

(ਇਸ ਲਈ ਜਵਾਰੀ ਦੀ ਜਮੀਨ ਨੂੰ ਸ਼ਕਤੀਸ਼ਾਲੀ ਬਨਾਉਣ ਵਾਲਾ ਫਾਰਮੂਲਾ ਹੀ ਵਰਤੋ) ਅਤੇ ਨਾਲ ਨਾਲ ਫਸਲ ਜਦੋਂ ਇਕ ਮਹੀਨੇ ਦੀ ਹੋ ਜਾਵੇ ਤਾਂ ਇਕ ਏਕੜ ਜਮੀਨ ਵਿਚ ਇਕ ਟਨ ਗੰਡੋਏ ਦੀ ਖਾਦ ਅਤੇ 60 ਕਿਲੋ ਅਨਾਜ ਦੀ ਖਾਦ ਜਮੀਨ ਵਿਚ ਪਾਓ।

ਮਿਕਸ ਫਸਲ

ਧਾਨ ਦੀ ਫਸਲ ਵਿਚ 5% ਨਾਚਨਾ ਅਤੇ ਤਿਲ ਮਿਕਸ ਕਰਨਾ ਜਰੂਰੀ ਹੈ।

ਬੀਜ ਦੀ ਸੋਧ

10 ਲਿਟਰ ਪਾਣੀ ਵਿਚ 300 ਗ੍ਰਾਮ ਨਮਕ ਮਿਲਾਕੇ ਇਸ ਵਿਚ 10 ਕਿਲੋ ਧਾਨ ਦੇ ਬੀਜ ਪਾਓ। ਪਾਣੀ ਉੱਪਰ ਜੋ ਬੀਜ ਤਰਦੇ ਹਨ ਉਹਨਾਂ ਨੂੰ ਕੱਢ ਕੇ ਸੁੱਟ ਦੇਵੋ। ਡੁੱਬੇ ਹੋਏ ਬੀਜ ਨੂੰ ਦੋ-ਤਿੰਨ ਬਾਰ ਸਾਫ ਪਾਣੀ ਨਾਲ ਧੋ ਕੇ ਸੁਕਾ ਲਵੋ। ਇਸ ਪ੍ਰਕਾਰ ਬਿਜਾਈ ਵਾਸਤੇ ਜਿੰਨਾ ਬੀਜ ਚਾਹੀਦਾ ਹੇ ਉਹ ਜਮਾ ਕਰ ਲਵੋ। ਫਿਰ ਉਸ ਵਿਚੋਂ 20 ਕਿਲੋ ਬੀਜ ਨੂੰ ਬੀਜ ਅੰਮਰਿਤ ਨਾਲ ਗਿੱਲਾ ਕਰੋ ਫਿਰ ਪਹਿਲਾਂ ਟਰਾਇਕੋਡਰਮਾ (Tricoderma) 50 ਗ੍ਰਾਮ ਫੇਰ ਅੱਝੋਟੋਬੱਕਟਰ ਜੀਵਾਣੂ ਵਰਧਕ 250 ਗ੍ਰਾਮ ਅਤੇ ਪੀ.ਐਸ.ਬੀ. ਜੀਵਾਣੂ ਵਰਧਕ 250 ਗ੍ਰਾਮ ਦਾ ਲੇਪ ਕਰੋ ਅਤੇ ਬੀਜ ਨੂੰ ਛਾਂ ਹੇਠ ਸੁਕਾਓ। 8-10 ਘੰਟੇ ਅੰਦਰ ਗਿਲੀ ਜਮੀਨ ਅੰਦਰ ਬਿਜਾਈ ਕਰੋ।ਜੇਕਰ ਪਨੀਰੀ ਪੁੱਟ ਕੇ

ਲਾਉਣੀ ਹੈ ਤਾਂ 5 ਲਿਟਰ ਜੀਵ ਅੰਮ੍ਰਿਤ ਵਿਚ 250 ਗ੍ਰਾਮ ਅੱਝੋਟੋਬੱਕਟਰ ਜੀਵਾਣੂ ਵਰਧਕ 250 ਗ੍ਰਾਮ ਅਤੇ ਪੀ.ਐਸ.ਬੀ. ਜੀਵਾਣੂ ਵਰਧਕ ਮਿਲਾ ਕੇ ਪੌਦਿਆਂ ਦੀਆਂ ਜੜ੍ਹਾਂ ਨੂੰ ਇਸ ਵਿਚ 15-20 ਮਿੰਟ ਤਕ ਡਬੋ ਕੇ ਰਖੋ ਅਤੇ ਫੇਰ ਖੇਤ ਵਿਚ ਲਾਓ।

ਫਸਲ ਦੀ ਸੰਭਾਲ

1.ਰਸ ਚੂਸਨ ਵਾਲੇ ਕੀਟ ਅਤੇ ਇੱਲੀਆਂ ਦੇ ਕੰਟਰੋਲ ਲਈ 4%ਗੋਮੂਤਰ,5% ਨਿੰਮ ਦਾ ਅਰਕ,ਜਾਂ ਦਸ਼ਪਰਣੀ ਅਰਕ ਵਿਚੋਂ ਕੋਈ ਇਕ ਅਦਲਾ ਬਦਲੀ ਕਰਕੇ ਛਿੜਕਾ ਕਰੋ।

2. ਜੇਕਰ ਪੌਦੇ ਮਰਦੇ ਹਨ ਤਾਂ ਇਕ ਏਕੜ ਵਿਚ ਇਕ ਕਿਲੋ ਟਰਾਇਕੋ-ਡਰਮਾ ਫਫੂੰਦੀ ਰੋਧਕ 200 ਲਿਟਰ ਪਾਣੀ ਵਿਚ ਮਿਲਾ ਕੇ ਬਿਜਾਈ ਦੇ ਤੁਰੰਤ ਬਾਅਦ ਜ਼ਮੀਨ ਤੇ ਛਿੜਕੋ ਜਾਂ ਪੌਦਿਆਂ ਉੱਪਰ ਛਿੜਕੋ।

3. ਕਰਪਾ(ਪਤਿਆਂ ਦਾ ਝੁਲਸਨਾ) : ਦੇਸੀ ਕਿੱਕਰ ਦੇ ਨਵੇਂ ਨਵੇਂ ਪੱਤੇ200ਗ੍ਰਾਮ, 2 ਲਿਟਰ ਪਾਣੀ ਵਿਚ ਮਿਲਾ ਕੇ ਉਦੋਂ ਤਕ ਉਬਾਲੋ ਜਦੋਂ ਤਕ ਇਕ ਕਿਲੋ ਪਾਣੀ ਰਹਿ ਜਾਵੇ। ਇਹ ਘੋਲ 200 ਲਿਟਰ ਪਾਣੀ ਵਿਚ ਮਿਲਾ ਕੇ ਛਿੜਕਾ ਕਰੋ। ਜਾਂ ਫਿਰ ਦੇਸੀ ਗਾਂ ਦਾ ਕੱਚਾ ਦੁੱਧ 5 ਲਿਟਰ

ਅਤੇ 2 ਲਿਟਰ ਗੋਮੂਤਰ ਜਾਂ 2 ਲਿਟਰ ਨਾਰੀਅਲ ਦਾ ਪਾਣੀ 200 ਲਿਟਰ ਪਾਣੀ ਵਿਚ ਮਿਲਾ ਕੇ ਛਿੜਕਾ ਕਰੋ।

(11) ਕਪਾਹ ਦੀ ਫਸਲ

ਜਮੀਨ ਨੂੰ ਸ਼ਕਤੀਸ਼ਾਲੀ ਬਨਾਉਣ ਵਾਸਤੇ :

(ਇਸ ਵਾਸਤੇ ਜਵਾਰੀ ਦੀ ਜਮੀਨ ਨੂੰ ਸ਼ਕਤੀਸ਼ਾਲੀ ਬਨਾਉਣ ਵਾਲਾ ਫਾਰਮੂਲਾ ਹੀ ਵਰਤੋ)

ਮਿਕਸ ਫਸਲ

ਕਪਾਹ ਦੀ ਖੇਤੀ ਦੇ ਚਾਰੋ ਪਾਸੇ ਇਕ ਲਾਇਨ ਮੱਕੀ ਦੀ ਬੀਜੋ।ਕਪਾਹ ਦੀ
ਲਾਇਨ ਵਿਚ ਵੀ ਇਕ ਪੌਦਾ ਕਪਾਹ ਦਾ, ਇਕ ਪੌਦਾ ਮੱਕੀ ਦਾ, ਇਸ ਤਰ੍ਹਾਂ ਮਿਕਸ ਕਰਕੇ ਬੀਜੋ। ਕਪਾਹ ਦੀਆਂ ਦੋ ਲਾਇਨਾਂ ਵਿਚਕਾਰ ਮੂੰਗ, ਉੜਦ ਜਾਂ ਸੋਇਆਬੀਨ ਜੈਸੀ ਫਸਲ ਮਿਕਸ ਕਰੋ।ਕਪਾਹ ਦੀਆਂ 8 ਲਾਇਨਾਂ ਤੋਂ ਬਾਅਦ ਇਕ ਲਾਇਨ ਚੌਲਾਈ ਦੀ ਬੀਜੋ।ਪ੍ਰਤੀ ਇਕ ਹਜ਼ਾਰ ਵਰਗ ਫੁਟ ਵਿਚ ਇਕ ਪੌਦਾ ਗੇਂਦ ਦੇ ਫੁੱਲ ਦਾ ਅਤੇ ਇਕ ਪੌਦਾ ਤੁਲਸੀ ਦਾ ਵੀ ਲਾਓ।

ਬੀਜ ਦੀ ਸੋਧ

20 ਕਿਲੋ ਬੀਜ ਨੂੰ ਬੀਜ ਅੰਮ੍ਰਿਤ ਨਾਲ ਗਿੱਲਾ ਕਰੋ ਅਤੇ ਉੱਪਰ ਤੋਂ ਪਹਿਲਾ ਟਰਾਇਕੋਡਰਮਾ

ਫਫੂਦੀ ਰੋਧਕ 100 ਗ੍ਰਾਮ, ਫਿਰ 250 ਗ੍ਰਾਮ ਅੱਜ਼ੋਟੋਬੈਕਟਰ ਜੀਵਾਣੂ ਵਰਧਕ ਅਤੇ 250 ਗ੍ਰਾਮ ਪੀ.ਐਸ.ਬੀ.ਜੀਵਾਣੂ ਵਰਧਕ ਦਾ ਲੇਪ ਕਰੋ ਅਤੇ ਬੀਜ ਨੂੰ ਛਾਂ ਹੇਠ ਸੁਕਾਓ। 8-10 ਘੰਟੇ ਅੰਦਰ ਗਿਲੀ ਜਮੀਨ ਅੰਦਰ ਬਿਜਾਈ ਕਰੋ।

ਫਸਲ ਦੀ ਸੰਭਾਲ

1. ਰਸ ਚੂਸਨ ਵਾਲੀ ਕੀਟ ਅਤੇ ਇੱਲੀਆਂ ਦੀ ਰੋਕ ਥਾਮ ਲਈ ਹਫਤੇ ਵਿਚ ਇਕ ਵਾਰ 4% ਗੋਮੂਤਰ,5%ਨਿਮ ਦਾ ਅਰਕ ਜਾਂ ਦਸ਼ਪਰਣੀ ਅਰਕ ਦੋਨਾਂ ਵਿਚੋਂ ਇਕ ਬਦਲ ਬਦਲ ਕੇ ਸਪਰੇ ਕਰੋ।

2.ਪੱਤਿਆਂ ਉੱਪਰ ਦਾਗ (ਸਪਾਟ)ਦਿਖਾਈ ਦੇਣ ਤਾਂ 25 ਗ੍ਰਾਮ ਟਰਾਇਕੋ-ਡਰਮਾ, 50 ਮਿ.ਲਿ. ਦੁੱਧ, 10 ਲਿਟਰ ਪਾਣੀ ਵਿਚ ਮਿਲਾ ਕੇ ਛਿੜਕੋ।

3. ਪੌਦੇ ਮਰਦੇ ਹਨ ਜਾਂ ਜੜ੍ਹਾਂ ਸੜਨ ਲਗਦੀਆਂ ਹੋਣ ਤਾਂ ਇਕ ਕਿਲੋ ਟਰਾਇਕੋਡਰਮਾ,10 ਲਿਟਰ ਪਾਣੀ ਵਿਚ ਮਿਲਾ ਕੇ ਗਿੱਲੀ ਜਮੀਨ ਵਿਚ ਛਿੜਕੋ।

4. ਲਿਫ ਮਾਇਨਰ : 15 ਲਿਟਰ ਪਾਣੀ,250 ਮਿ.ਲਿ. ਲੱਸੀ,50 ਗ੍ਰਾਮ ਨਿੰਬੂ ਦਾ ਸੱਤ, 100 ਗ੍ਰਾਮ ਗੁੜ, 100 ਮਿ.ਲਿਟਰ ਇਮਲੀ ਦਾ ਜੂਸ,10 ਗ੍ਰਾਮ ਹਿੰਗ, 10 ਗ੍ਰਾਮ ਕਪੂਰ ਮਿਲਾਕੇ ਛਿੜਕਾ ਕਰੋ।

5. ਕਰਪਾ (ਪੱਤਿਆਂ ਦਾ ਝੁਲਸਣਾ) : ਇਸ ਵਾਸਤੇ ਦੇਸੀ ਕਿੱਕਰ ਦੇ ਨਵੇਂ ਨਵੇਂ ਨਿਕਲੇ ਪੱਤੇ 200 ਗ੍ਰਾਮ,2 ਲਿਟਰ ਪਾਣੀ ਵਿਚ ਪਾ ਕੇ ਉਦੋਂ ਤੱਕ ਉਬਾਲੋ ਜਦੋਂ ਪਾਣੀ ਇਕ ਲਿਟਰ ਰਹਿ ਜਾਵੇ। ਇਸ ਘੋਲ ਨੂੰ 100 ਲਿਟਰ ਪਾਣੀ ਵਿਚ ਪਾ ਕੇ ਛਿੜਕਾ ਕਰੋ।

* 200 ਗ੍ਰਾਮ ਵਾਵੜਿੰਗ ਕੁੱਟ ਕੇ 2 ਲਿਟਰ ਪਾਣੀ ਵਿਚ ਪਾ ਕੇ ਉਦੋਂ ਤੱਕ ਉਬਾਲੋ ਜਦੋਂ ਪਾਣੀ ਇਕ ਲਿਟਰ ਰਹਿ ਜਾਵੇ।5 ਲਿਟਰ ਦੁੱਧ ਉਬਾਲ ਕੇ ਮਲਾਈ ਕੱਢ ਲਵੋ। ਇਹ ਦੋਨੋਂ 200 ਲਿਟਰ ਪਾਣੀ ਵਿਚ ਪਾ ਕੇ ਛਿੜਕਾ ਕਰੋ।

* ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਜਿਸ ਦਿਸ਼ਾ ਵਿਚੋਂ ਹਵਾ ਆਉਂਦੀ ਹੈ ਉਸ ਦਿਸ਼ਾ ਵਿਚ ਦੇਸੀ ਗਾਂ ਦੇ ਗੋਬਰ ਦੀਆਂ ਪਾਥੀਆਂ ਜਲਾਕੇ ਧੂੰਆਂ ਕਰੋ। ਫੇਰ ਇਹ ਸੁਆਹ ਫਸਲ ਉੱਤੇ ਛਿੜਕੋ।

(12) ਗੰਨੇ ਦੀ ਫਸਲ :

ਜਮੀਨ ਨੂੰ ਸ਼ਕਤੀਸ਼ਾਲੀ ਬਨਾਉਣ ਵਾਸਤੇ :

1. ਪ੍ਰਤਿ ਏਕੜ 6 ਟਨ ਗੋਬਰ ਦੀ ਖਾਦ ਜਾਂ ਹਰੀ ਖਾਦ ਜ਼ਮੀਨ ਵਿਚ ਮਿਲਾਕੇ ਬਿਜਾਈ ਵਾਸਤੇ ਜਮੀਨ ਤਿਆਰ ਕਰੋ।

2. ਬਿਜਾਈ ਤੋਂ ਪਹਿਲਾ 60 ਕਿਲੋ ਅਨਾਜ ਦੀ ਖਾਦ ਪ੍ਰਤਿ ਏਕੜ ਜਮੀਨ ਵਿਚ ਮਿਲਾਓ। ਫਿਰ ਫਸਲ ਜਦੋਂ 4 ਮਹੀਨੇ ਦੀ ਹੋ ਜਾਵੇ ਤਾਂ ਵੱਟਾਂ ਤੇ ਮਿੱਟੀ ਚਾੜ੍ਹਦੇ ਸਮੇਂ 60 ਕਿਲੋ ਹੋਰ ਅਤੇ ਮੀਂਹ ਦੇ

ਸਮੇਂ(ਜੂਨ ਮਹੀਨੇ)ਵਿਚ ਫੇਰ 60 ਕਿਲੋ ਅਨਾਜ ਦੀ ਖਾਦ ਪਾਓ।

3. ਜਦੋਂ ਫਸਲ 4 ਮਹੀਨੇ ਦੀ ਹੋ ਜਾਵੇ ਤਾਂ ਜਦੋਂ ਜਮੀਨ ਗਿੱਲੀ ਹੋਵੇ ਇਕ ਏਕੜ ਪਿੱਛੇ ਇਕ ਟਨ ਗੰਡੋਆ ਖਾਦ ਮਿਲਾਓ।

4. ਬਿਜਾਈ ਦੇ ਸਮੇਂ ਇਕ ਏਕੜ ਜ਼ਮੀਨ ਵਿਚ 200 ਲਿਟਰ ਜੀਵ- ਅੰਮ੍ਰਿਤ ਪਾਣੀ ਦੇ ਨਾਲ ਨਾਲ ਜਾਂ ਜਦੋਂ ਜ਼ਮੀਨ ਗਿਲੀ ਹੋਵੇ ਤਾਂ ਪਾ ਦੇਵੋ। ਫਿਰ ਹਰ ਮਹੀਨੇ ਇਕ ਸਾਲ ਤਕ 200 ਲਿਟਰ ਜੀਵ ਅੰਮ੍ਰਿਤ ਪਾਣੀ ਦੇ ਨਾਲ ਜਾਂ ਡਰਿਪ ਨਾਲ ਪਾਓ ਜਦੋਂ ਜਮੀਨ ਗਿੱਲੀ ਹੋਵੇ।

5. ਗੰਨੇ ਦੀ ਫਸਲ ਤੇ ਮਿੱਟੀ ਚਾੜ੍ਹਦੇ ਸਮੇਂ ਜੂਨ ਮਹੀਨੇ ਵਿਚ ਦੋ ਬਾਰ ਜੀਵ ਅੰਮ੍ਰਿਤ ਵਿਚ ਇਕ ਕਿਲੋ ਅੱਝੋਟੋਬੈਕਟਰ ਜੀਵਾਣੂ ਵਧਾਉਣ ਵਾਸਤੇ,ਪੀ.ਐਸ.ਬੀ.ਜੀਵਾਣੂ ਵਧਾਉਣ ਵਾਸਤੇ ਇਕ ਕਿਲੋ ਪਾਲਾਸ਼ ਦੇਣ ਵਾਲੇ ਜੀਵਾਣੂ ਵਧਾਉਣ ਵਾਲੇ ਮਿਲਾ ਕੇ ਪਾਣੀ ਦੇ ਨਾਲ ਨਾਲ ਜਾਂ ਜਦੋਂ ਜਮੀਨ ਗਿੱਲੀ ਹੋਵੇ ਉਦੋਂ ਪਾਓ।

ਬੀਜ ਦੀ ਸੋਧ

200 ਲਿਟਰ ਬੀਜ ਨੂੰ ਬੀਜ ਅੰਮ੍ਰਿਤ ਵਿਚ ਇਕ ਕਿਲੋ ਟਰਾਇਕੋਡਰਮਾ,2 ਕਿਲੋ ਅੱਝੋਟੋਬੈਕਟਰ ਅਤੇ 2 ਕਿਲੋ ਪੀ.ਐਸ. ਬੀ. ਜੀਵਾਣੂ ਵਧਾਉਣ ਵਾਸਤੇ ਮਿਲਾ ਕੇ ਉਸ ਵਿਚ ਅੱਧਾ ਘੰਟਾ ਬੀਜ ਨੂੰ ਡਬੋ ਕੇ ਰਖੋ ਫਿਰ ਬਿਜਾਈ ਕਰੋ।

ਫਸਲ ਦੀ ਸੰਭਾਲ

1. ਰਸ ਚੂਸਨ ਵਾਲੀ ਕੀੜੇ ਅਤੇ ਤਨੇ ਦੇ ਅੰਦਰ ਆਉਣ ਵਾਲੇ ਕੀੜੇ,ਇਹਨਾਂ ਦੀ ਰੋਕ ਥਾਮ ਵਾਸਤੇ 4% ਗੋਮੂਤਰ, 5% ਨਿੰਮ ਦਾ ਅਰਕ ਜਾਂ ਦਸ਼ਪਰਣੀ ਅਰਕ ਦੋਨਾਂ ਵਿਚੋਂ ਇਕ ਅਦਲੀ ਬਦਲੀ ਕਰਕੇ ਸਪਰੇ ਕਰੋ।

2. ਮਾਵਾ ਅਤੇ ਮਿਲੀਬਗਜ ਲਈ 30 ਗ੍ਰਾਮ ਵਹਰਟੀਸਿਲੀਅਮ ਪੌਡਰ, 50 ਮਿ.ਲਿ. ਦੁੱਧ, 15 ਲਿਟਰ ਪਾਣੀ ਵਿਚ ਮਿਲਾ ਕੇ ਛਿੜਕਾ ਕਰੋ।

(13) ਬੈਂਗਨ ਦੀ ਫਸਲ :

ਜਮੀਨ ਨੂੰ ਸ਼ਕਤੀਸ਼ਾਲੀ ਬਨਾਉਣ ਵਾਸਤੇ :

1. 6 ਟਨ ਗੋਬਰ ਦੀ ਖਾਦ ਪ੍ਰਤੀ ਏਕੜ ਜ਼ਮੀਨ ਵਿਚ ਮਿਲਾ ਕੇ ਜਮੀਨ ਬਿਜਾਈ ਵਾਸਤੇ ਤਿਆਰ ਕਰੋ।

2. ਪੌਦੇ ਲਾਉਣ ਤੋਂ 15 ਦਿਨ ਬਾਅਦ 6 ਇੰਚ ਦੇ ਫਾਸਲੇ ਤੇ ਹਰ ਪੌਦੇ ਨੂੰ 50 ਗ੍ਰਾਮ ਗੰਡੋਏ ਦੀ ਖਾਦ ਜਦੋਂ ਜਮੀਨ ਗਿੱਲੀ ਹੋਵੇ ਉਸ ਵੇਲੇ ਪਾਓ।

3. ਪੌਦੇ ਲਗਾਉਂਦੇ ਸਮੇਂ ਇਕ ਏਕੜ ਜ਼ਮੀਨ ਵਿਚ 200 ਲਿਟਰ ਜੀਵ-ਅੰਮ੍ਰਿਤ ਗਿੱਲੀ ਜ਼ਮੀਨ ਉੱਪਰ ਛਿੜਕੋ ਜਾਂ ਪਾਣੀ ਨਾਲ ਲਾ ਦੇਵੋ। ਉਸ ਤੋਂ ਬਾਅਦ ਹਰ 20 ਦਿਨਾਂ ਪਿਛੋਂ 200-200 ਲਿਟਰ ਜੀਵ ਅੰਮ੍ਰਿਤ ਦਾ ਪ੍ਰਯੋਗ ਕਰੋ।

4. ਪੌਦੇ ਲਗਾਉਂਦੇ ਸਮੇਂ, ਫਲ, ਫੁੱਲ ਲਗਦੇ ਸਮੇਂ ਅਤੇ ਇਸ ਤੋਂ ਤਿੰਨ ਮਹੀਨੇ ਬਾਅਦ ਨਤ੍ਰ, ਸਫੁਰਦ ਅਤੇ ਪੋਟਾਸ਼ ਉਪਲਭਦ ਕਰਾਉਣ ਵਾਲੇ ਜੀਵਾਣੂ ਵਧਾਉਣ ਵਾਲੇ ਹਰ ਇਕ, ਇਕ ਕਿਲੋ ਜੀਵਅਮਰਿਤ ਵਿਚ ਮਿਲਾ ਕੇ ਪਾਓ।

5. ਫਲ-ਫੁੱਲ ਲਗਦੇ ਸਮੇਂ ਔਰ 3 ਮਹੀਨੇ ਬਾਅਦ, ਇਸ ਤਰ੍ਹਾਂ 2 ਬਾਰ 30 ਕਿਲੋ ਅਨਾਜ ਦੀ ਖਾਦ ਅਤੇ ਇਕ ਟਨ ਗੰਡੋਏ ਦੀ ਖਾਦ ਗਿੱਲੀ ਜਮੀਨ ਵਿਚ ਮਿਲਾਓ।

6. ਨਿੰਮ ਦਾ ਪੌਡਰ 50 ਕਿਲੋ ਮਹੀਨੇ ਵਿਚ ਇਕ ਬਾਰ ਪੌਦਿਆਂ ਦੇ ਉੱਪਰ ਤੋਂ ਜ਼ਮੀਨ ਵੱਲ ਨੂੰ ਛਿੜਕੋ।

ਮਿਕਸ ਫਸਲ

ਬੈਂਗਨ ਦੇ ਚਾਰੋ ਪਾਸੇ ਦੋ ਲਾਈਨ ਮੱਕੀ, ਇਕ ਲਾਈਨ ਚੌਲਾਈ, ਅੱਠ ਲਾਈਨ ਬੈਂਗਨ, ਇਕ ਲਾਈਨ ਗੇਂਦੇ ਦੇ ਫੁੱਲ ਦੇ ਪੌਦੇ ਫਿਰ ਬੈਂਗਨ, ਇਸ ਪ੍ਰਕਾਰ ਮਿਕਸ ਕਰਕੇ ਲਗਾਓ।

ਬੀਜ ਦੀ ਸੋਧ

1. 100 ਗ੍ਰਾਮ ਬੀਜ ਨੂੰ ਬੀਜ ਅੰਮ੍ਰਿਤ ਨਾਲ ਗਿੱਲਾ ਕਰੋ। ਉੱਪਰ ਪਹਿਲਾਂ 2 ਗ੍ਰਾਮ ਟਰਾਇਕੋਡਰਮਾ ਫਫੂਦੀ ਰੋਧਕ ਫਿਰ 2 ਗ੍ਰਾਮ ਅੱਝੋਟੋਬੈਕਟਰ 2 ਗ੍ਰਾਮ ਪੀ.ਐਸ.ਬੀ.ਜੀਵਾਣੂ ਵਧਾਉਣ ਵਾਲੇ, ਲੇਪ ਕਰੋ ਅਤੇ ਉਸ ਸਮੇਂ ਬਿਜਾਈ ਕਰ ਦੇਵੋ। ਉੱਪਰ ਤੋਂ ਇਕ ਲਿਟਰ ਜੀਵ ਅੰਮ੍ਰਿਤ ਪਾਣੀ ਵਿਚ ਮਿਲਾ ਕੇ ਸਿੰਚਾਈ ਕਰੋ। ਜਿਥੇ ਬਿਜਾਈ ਕਰਨੀ ਹੈ ਉੱਥੇ ਗੋਬਰ ਦੀ ਅਤੇ ਗੰਡੋਏ ਦੀ ਖਾਦ ਜਮੀਨ ਵਿਚ ਜਰੂਰ ਪਾਓ।

2. ਪੌਦੇ ਲਗਾਉਣ ਤੋਂ ਪਹਿਲਾਂ,10 ਲਿ. ਪਾਣੀ ਵਿਚ 40 ਗ੍ਰਾਮ ਟਰਾਇਕੋ-ਡਰਮਾ ਅਤੇ 500 ਮਿ.ਲਿ. ਨਿੰਮ ਦਾ ਅਰਕ ਮਿਲਾ ਕੇ ਉਸ ਵਿਚ ਪੌਦਿਆਂ ਦੀਆਂ ਜੜ੍ਹਾਂ ਤਿੰਨ ਘੰਟੇ ਤਕ ਡੁਬੋ ਕੇ ਰਖੋ।

ਫਸਲ ਦੀ ਸੰਭਾਲ

1. ਬੀਜ ਫੁੱਟ ਜਾਣ ਤੋਂ ਬਾਅਦ 15 ਦਿਨਾਂ ਅੰਦਰ 3% ਗੋਮੂਤਰ 5% ਨਿੰਮ ਦਾ ਅਰਕ ਛਿੜਕੋ।

2. ਰਸ ਚੂਸਨ ਵਾਲੇ ਕੀਟ, ਪੌਦੇ ਦੇ ਤਨੇ ਵਿਚ ਅਤੇ ਬੈਂਗਨ ਉੱਤੇ ਆਉਣ ਵਾਲੇ ਕੀਟ ਤੋਂ

ਰੋਕਥਾਮ ਵਾਸਤੇ 4% ਗੋਮੂਤਰ, 5% ਨਿੰਮ ਦਾ ਅਰਕ ਜਾਂ ਦਸ਼ਪਰਣੀ ਅਰਕ ਵਿੱਚੋਂ ਕੋਈ ਇਕ ਅਦਲੀ-ਬਦਲੀ ਕਰ ਕੇ ਛਿੜਕੋ।

(14) ਪੱਤਾ ਗੋਭੀ ਅਤੇ ਫੁਲ ਗੋਭੀ ਦੀ ਫਸਲ

ਜਮੀਨ ਨੂੰ ਸ਼ਕਤੀਸ਼ਾਲੀ ਬਨਾਉਣ ਲਈ :

1. 6 ਟਨ ਗੋਬਰ ਦੀ ਖਾਦ ਪ੍ਰਤੀ ਏਕੜ ਜਮੀਨ ਵਿਚ ਮਿਲਾ ਕੇ ਬਿਜਾਈ ਵਾਸਤੇ ਜ਼ਮੀਨ ਤਿਆਰ ਕਰੋ।

2. ਪੌਦੇ ਲਗਾਉਂਦੇ ਸਮੇਂ ਅਤੇ ਫੇਰ ਹਰ 20 ਦਿਨਾਂ ਬਾਅਦ 200 ਲਿਟਰ ਜੀਵਅਮਰਿਤ ਇਕ ਏਕੜ ਜਮੀਨ ਵਿਚ ਜਦੋਂ ਜਮੀਨ ਗਿੱਲੀ ਹੋਵੇ ਉਦੋ ਸ਼ਾਮ ਦੇ ਸਮੇਂ ਛਿੜਕੋ ਜਾਂ ਪਾਣੀ ਨਾਲ ਲਾਓ।

3. ਫਸਲ ਇਕ ਮਹੀਨੇ ਦੀ ਹੋ ਜਾਣ ਬਾਅਦ ਇਕ ਏਕੜ ਜ਼ਮੀਨ ਵਿਚ ਜਦੋਂ ਜਮੀਨ ਗਿੱਲੀ ਹੋਵੇ ਗੰਡੋਏ ਦੀ ਖਾਦ,60 ਕਿਲੋ ਅਨਾਜ ਦੀ ਖਾਦ ਅਤੇ ਨਤ੍ਰ, ਸਫੁਰਦ ਅਤੇ ਪਾਲਾਸ਼ ਦੀ ਉਪਲਭਦੀ ਕਰਵਾਉਣ ਵਾਲੀ ਜੀਵਾਣੂ ਵਧਾਉਣ ਵਾਲੀ ਹਰ ਇਕ, ਇਕ ਕਿਲੋ ਮਿਲਾ ਕੇ ਜ਼ਮੀਨ ਵਿਚ ਪਾਓ।

4. ਨਿੰਮ ਦੀ ਖੱਲ੍ਹ (ਪੌਡਰ) 50 ਕਿਲੋ ਮਹੀਨੇ ਵਿਚ ਇਕ ਬਾਰ, ਫਸਲ ਦੇ ਉੱਪਰੋ ਜ਼ਮੀਨ ਵਲ ਨੂੰ ਛਿੜਕੋ। ਜਿਸ ਨਾਲ ਕਈ ਪ੍ਰਕਾਰ ਦੇ ਕੀੜੇ ਅਤੇ ਫਫੂੰਦੀ ਵਰਗੇ ਰੋਗ ਤੋਂ ਬਚਾਓ ਹੁੰਦਾ ਹੈ।

ਮਿਕਸ ਫਸਲ

ਫਸਲ ਦੇ ਚਾਰੋਂ ਪਾਸੇ ਦੋ ਲਾਈਨ ਮੱਕੀ, ਇਕ ਲਾਈਨ ਚੌਲਾਈ 20 ਲਾਈਨ ਪੱਤਾਗੋਭੀ, ਇਕ ਲਾਈਨ ਸਰਸੋਂ, ਫਿਰ 20 ਲਾਈਨ ਪੱਤਗੋਭੀ ਜਾਂ ਫੁਲ ਗੋਭੀ, ਇਸ ਪ੍ਰਕਾਰ ਮਿਕਸ ਕਰੋ।20 ਲਾਈਨ ਪੱਤਗੋਭੀ ਵਿਚ 2%ਮੱਕੀ,ਹਰ ਇਕ ਹਜ਼ਾਰ ਵਰਗ ਫੁਟ ਵਿਚ ਇਕ ਪੌਦਾ ਗੇਂਦੇ ਦਾ ਫੁਲ ਅਤੇ ਇਕ ਪੌਦਾ ਤੁਲਸੀ ਦਾ ਲਗਾਓ।

ਬੀਜ ਦੀ ਸੋਧ

1.100 ਗ੍ਰਾਮ ਬੀਜ ਨੂੰ ਬੀਜ ਅੰਮ੍ਰਿਤ ਵਿਚ ਭਿਊਂ ਦੇਵੋ। ਉੱਪਰ ਤੋਂ ਪਹਿਲਾਂ ਦੋ ਗ੍ਰਾਮ ਟਰਾਇਕੋਡਰਮਾ, ਫਿਰ 2 ਗ੍ਰਾਮ ਅੱਝੋਟੋਬੈਕਟਰ ਅਤੇ 2 ਗ੍ਰਾਮ ਪੀ.ਐਸ.ਬੀ. ਜੀਵਾਣੂ ਵਧਾਉਣ ਵਾਲੇ ਪਾ ਕੇ ਲੇਪ ਕਰੋ ਫੇਰ ਬੀਜ ਜ਼ਮੀਨ ਵਿਚ ਬੀਜੋ। ਉਸ ਜਮੀਨ ਵਿਚ ਗੋਬਰ ਦੀ ਖਾਦ ਜਾਂ ਗੰਡੋਏ ਦੀ ਖਾਦ ਜ਼ਰੂਰ ਪਾਓਇ।ਬਿਜਾਈ ਤੋਂ ਬਾਅਦ ਪਾਣੀ ਦੇ ਨਾਲ ਇਕ ਲਿਟਰ ਜੀਵ- ਅੰਮ੍ਰਿਤ ਪਾ ਕੇ ਸਿੰਚਾਈ ਕਰੋ ।

2. ਪੌਦੇ ਲਗਾਉਣ ਤੋਂ ਪਹਿਲਾਂ 2 ਲਿਟਰ ਜੀਵ ਅੰਮ੍ਰਿਤ ਵਿਚ 50 ਗ੍ਰਾਮ

ਟਰਾਇਕੋਡਰਮਾ,250 ਗ੍ਰਾਮ ਅੱਝੋਟੋਬੈਕਟਰ ਅਤੇ 250 ਗ੍ਰਾਮ ਪੀ.ਐਸ ਬੀ. ਜੀਵਾਣੂ ਵਧਾਉਣ ਵਾਲੇ ਮਿਲਾ ਕੇ ਇਸ ਵਿਚ ਪੌਦਿਆਂ ਦੀਆਂ ਜੜ੍ਹਾਂ 15 ਮਿੰਟ ਤੱਕ ਡੁਬੋ ਕੇ ਰੱਖੋ ਫਿਰ ਪੌਦੇ ਲਗਾਓ।

ਫਸਲ ਦੀ ਸੰਭਾਲ

1. ਪੌਦੇ ਛੋਟੇ ਹੈ ਤਾਂ 3% ਗੋਮੂਤਰ ਜਾਂ 5% ਨਿਮ ਦਾ ਅਰਕ ਫਵਾਰੇ ਨਾਲ ਛਿੜਕੋ।

2. ਰਸ ਚੂਸਨ ਵਾਲੇ ਕੀਟ ਅਤੇ ਇੱਲੀਆਂ ਦੀ ਰੋਕਥਾਮ ਵਾਸਤੇ 4% ਗੋਮੂਤਰ, 5% ਨਿਮ ਦਾ ਅਰਕ ਜਾਂ ਦਸ਼ਕਰਣੀ ਅਰਕ ਵਿਚੋਂ ਕੋਈ ਇਕ ਅਦਲੀ ਬਦਲੀ ਕਰਕੇ ਛਿੜਕੋ। ਕੀੜੇ ਜ਼ਿਆਦਾ ਦਿਖਾਈ ਦੇਣ ਤਾਂ 30 ਗ੍ਰਾਮ ਵੇਹਰਟੀਸੀਲੀਅਮ ਪੋਡਰ, 50 ਮਿ.ਲਿ. ਦੁੱਧ, 15 ਲਿ.ਪਾਣੀ ਮਿਲਾਕੇ ਕੇ ਫਵਾਰੇ ਨਾਲ ਛਿੜਕੋ।

3. ਇਕ ਏਕੜ ਜਮੀਨ ਵਿਚ 15-20 ਲਕੜੀਆਂ ਦਾ ਐਨਟੀਨਾ (T ਸ਼ਕਲ ਦੇ)ਬਣਾ ਕੇ ਲਗਾਓ। ਜਿਹਨਾਂ ਉੱਪਰ ਪੰਛੀ ਬੈਠਦੇ ਹਨ ਅਤੇ ਕੀੜਿਆਂ ਦਾ ਕੰਟਰੋਲ ਹੋ ਜਾਂਦਾ ਹੈ।

(15) ਮਿਰਚ ਦੀ ਫਸਲ :

ਜਮੀਨ ਨੂੰ ਸ਼ਕਤੀਸ਼ਾਲੀ ਬਨਾਉਣ ਵਾਸਤੇ :

1. 6 ਟਨ ਗੋਬਰ ਦੀ ਖਾਦ ਜਾਂ ਹਰੀ ਖਾਦ ਪ੍ਰਤੀ ਏਕੜ ਦੇ ਹਿਸਾਬ ਜ਼ਮੀਨ ਵਿਚ ਪਾਓ ਅਤੇ ਜਮੀਨ ਬਿਜਾਈ ਵਾਸਤੇ ਤਿਆਰ ਕਰੋ।

2. ਪੌਦੇ ਲਗਾਉਣ ਵੇਲੇ ਅਤੇ ਬਾਅਦ ਵਿਚ ਹਰ 10 ਦਿਨਾਂ ਬਾਅਦ 200 ਲਿਟਰ ਜੀਵਅਮਰਿਤ ਇਕ ਏਕੜ ਜਮੀਨ ਵਿਚ ਜਦੋਂ ਜਮੀਨ ਗਿੱਲੀ ਹੋਵੇ ਤਾਂ ਛਿੜਕਾਓ ਜਾਂ ਪਾਣੀ ਦੇ ਨਾਲ ਪਾਓ।

3. ਫਲ-ਫੁਲ ਲੱਗਣ ਸਮੇਂ ਇਕ ਏਕੜ ਜ਼ਮੀਨ ਵਿਚ ਇਕ ਟਨ ਗੰਡੋਆ ਖਾਦ ਅਤੇ 60 ਕਿਲੋ ਅਨਾਜ ਦੀ ਖਾਦ ਅਤੇ ਇਕ ਕਿਲੋ ਟਰਾਇਕੋਡਰਮਾ (TRICHODERMA) ਫਫੂਦੀ ਰੋਧਕ, ਇਕ ਕਿਲੋ ਅੱਝੋਟੋਬੈਕਟਰ (AZOTOBECTAR), ਇਕ ਕਿਲੋ ਪੀ.ਐਸ. ਬੀ. ਜੀਵਾਣੂ ਵਧਾਉਣ ਵਾਸਤੇ ਜਦੋਂ ਜਮੀਨ ਗਿੱਲੀ ਹੋਵੇ ਪ੍ਰਤੀ ਏਕੜ ਪਾਓ।

4. ਨਿੰਮ ਦੀ ਖਲ੍ਹ (ਪੌਡਰ) ਪੌਦਿਆਂ ਦੇ ਉੱਪਰੋਂ ਜਮੀਨ ਵੱਲ ਨੂੰ ਛਿੜਕੋ।

ਮਿਕਸ ਫਸਲ

1. ਫਸਲ ਦੇ ਚਾਰੋ ਪਾਸੇ ਦੋ ਲਾਈਨ ਮੱਕੀ, ਇਕ ਲਾਈਨ ਤਿਲ ਦੀ 10ਲਾਈਨ ਮਿਰਚ ਦੀ,ਇਕ ਲਾਈਨ ਗੇਂਦੇ ਦੇ ਫੁੱਲ ਦੇ ਪੌਦੇ,ਫਿਰ ਮਿਰਚ ਇਸ ਪ੍ਰਕਾਰ ਮਿਕਸ ਕਰੋ।

2. ਪ੍ਰਤੀ ਇਕ ਹਜ਼ਾਰ ਵਰਗ ਫੁਟ ਵਿਚ ਇਕ ਤੁਲਸੀ ਦਾ ਪੌਦਾ ਅਤੇ ਬੜੀ ਸੌਂਫ ਲਗਾਉਣਾ

ਜ਼ਰੂਰੀ ਹੈ।

* ਮੱਕੀ ਅਤੇ ਤਿਲ ਲਗਾਉਣ ਨਾਲ ਪੱਤਿਆਂ ਦਾ ਮੁੜ ਕੇ ਜੁੜਨੇ ਵਾਲੀ ਬੀਮਾਰੀ ਦੀ ਰੋਕਥਾਮ ਹੁੰਦੀ ਹੈ।

* ਗੇਂਦੇ ਦੇ ਫੁੱਲ ਨਾਲ ਪੌਦਿਆਂ ਵਿਚ ਸੂਤਰਕਰਮੀਆਂ ਦੀ ਰੋਕ ਹੁੰਦੀ ਹੈ।

* ਬੜੀ ਸੌਂਫ ਉੱਤੇ ਮੱਖੀ ਆਉਂਦੀ ਹੈ ਅਤੇ ਇਸ ਨਾਲ ਪ੍ਰਾਗੀਕਰਣ ਵਿਚ ਮਦਦ ਮਿਲਦੀ ਹੈ।

* ਤੁਲਸੀ ਵਿਚ 27 ਪ੍ਰਕਾਰ ਦੇ ਅਲਕੋਲਾਇਡ ਹੁੰਦੇ ਹਨ ਜਿਸ ਨਾਲ ਮਿਰਚ ਦੇ ਪੌਦਿਆਂ ਦੀ ਜੜ੍ਹਾਂ ਦਾ ਗਲਣਾ ਅਤੇ ਪੌਦੇ ਦੇ ਮਰਨ ਤੋਂ ਬਚਾ ਹੁੰਦਾ ਹੈ। ਇਸ ਨਾਲ ਓਜੂਨ ਗੈਸ ਦਾ ਵੀ ਨਿਰਮਾਣ ਹੁੰਦਾ ਹੈ।

ਬੀਜ ਦੀ ਸੋਧ

1. 100 ਗ੍ਰਾਮ ਬੀਜ ਨੂੰ ਬੀਜ ਅੰਮ੍ਰਿਤ ਨਾਲ ਗਿੱਲਾ ਕਰੋ।ਉੱਪਰ ਪਹਿਲਾਂ 1 ਗ੍ਰਾਮ ਟਰਾਇਕੋਡਰਮਾ ਫਿਰ 2 ਗ੍ਰਾਮ ਅੱਝੋਟੋਬੈਕਟਰ 2 ਗ੍ਰਾਮ ਪੀ. ਐਸ.ਬੀ. ਜੀਵਾਣੂ ਵਧਾਉਣ ਲਈ ਪਾ ਕੇ ਬੀਜ ਉੱਪਰ ਲੇਪ ਕਰੋ ਅਤੇ ਬੀਜ ਨੂੰ ਜਮੀਨ ਵਿਚ ਬੀਜ ਦਿਓ। ਜਿੱਥੇ ਬੀਜ ਬੀਜਣੇ ਹਨ ਉਸ ਜਮੀਨ ਵਿਚ ਗੋਬਰ ਦੀ ਜਾਂ ਗੰਡੋਏ ਦੀ ਖਾਦ ਜਰੂਰ ਪਾਓ।ਬਿਜਾਈ ਤੋਂ ਬਾਅਦ ਇਕ ਲਿਟਰ ਜੀਵ ਅੰਮ੍ਰਿਤ ਪਾਣੀ ਨਾਲ ਸਿੰਚਾਈ ਕਰੋ।

2. ਪੌਦੇ ਲਗਾਉਣ ਤੋਂ ਪਹਿਲਾਂ 2 ਲਿਟਰ ਜੀਵ ਅੰਮ੍ਰਿਤ ਵਿਚ 50 ਗ੍ਰਾਮ ਟਰਾਇਕੋਡਰਮਾ, 250 ਗ੍ਰਾਮ ਅੱਝੋਟੋਬੈਕਟਰ ਅਤੇ 250 ਗ੍ਰਾਮ ਪੀ.ਐਸ.ਬੀ. ਜੀਵਾਣੂ ਵਧਾਉਣ ਵਾਲਾ ਮਿਲਾ ਕੇ ਪੌਦਿਆਂ ਦੀਆਂ ਜੜ੍ਹਾਂ ਨੂੰ ਅੱਧੇ ਘੰਟੇ ਤਕ ਇਸ ਵਿਚ ਡੁਬੋ ਕੇ ਰੱਖੋ ਫੇਰ ਪੌਦੇ ਲਗਾਓ।

ਫਸਲ ਦੀ ਸੰਭਾਲ

1. ਬੀਜ ਫੁੱਟਣ ਤੋਂ ਬਾਅਦ 3% ਗੋਮੂਤਰ ਜਾਂ 5% ਨਿੰਮ ਦਾ ਅਰਕ ਪੌਦਿਆਂ ਉੱਤੇ ਛਿੜਕੋ।
2. ਰਸ ਚੂਸਨ ਵਾਲੇ ਕੀੜੇ ਅਤੇ ਪੱਤਿਆਂ ਦਾ ਮੁੜਨੋਜਕੜਨਾ ਵਰਗੀ ਬੀਮਾਰੀ ਦੇ ਕੰਟਰੋਲ ਵਾਸਤੇ 3% ਗੋਮੂਤਰ, 5% ਨਿਮ ਦਾ ਅਰਕ ਜਾਂ ਦਸ਼ਪਰਣੀ ਅਰਕ ਵਿਚੋਂ ਕੋਈ ਇਕ ਅਦਲੀ ਬਦਲੀ ਕਰਕੇ ਛਿੜਕਾ ਕਰੋ।
3. ਪੱਤਿਆਂ ਦਾ ਮੁੜਨਾ ਜਕੜਨਾ-ਇਸ ਵਾਸਤੇ 5 ਲਿਟਰ ਲੱਸੀ (ਦੇਸੀ ਗਾਂ ਦੀ) ਦੋ ਦਿਨ ਤਕ ਤਾਂਬੇ ਦੇ ਬਰਤਨ ਵਿਚ ਰਖ ਤੇ 200 ਗ੍ਰਾਮ ਵਿਹਰਟੀਸਿਲੀਅਮ ਫਫੂੰਦੀ ਰੋਧਕ,100 ਲਿਟਰ ਪਾਣੀ ਵਿਚ ਪਾ ਕੇ ਛਿੜਕੋ।

(16) ਟਮਾਟਰ ਦੀ ਫਸਲ

ਜਮੀਨ ਨੂੰ ਸ਼ਕਤੀਸ਼ਾਲੀ ਬਨਾਉਣ ਵਾਸਤੇ :

1. ਪ੍ਰਤੀ ਏਕੜ 6 ਟਨ ਗੋਬਰ ਦੀ ਖਾਦ ਜਾਂ ਹਰੀ ਖਾਦ ਪਾ ਕੇ ਜਮੀਨ ਨੂੰ ਪੌਦੇ ਲਗਾਉਣ ਵਾਸਤੇ ਤਿਆਰ ਕਰੋ।

2. ਪੌਦੇ ਲਗਾਉਂਦੇ ਸਮੇਂ ਅਤੇ ਬਾਅਦ ਵਿਚ ਹਰ 20 ਦਿਨਾਂ ਤੋਂ ਬਾਅਦ 200 ਲਿਟਰ ਜੀਵ ਅੰਮ੍ਰਿਤ ਇਕ ਏਕੜ ਜਮੀਨ ਵਿਚ ਜਦੋਂ ਗਿੱਲੀ ਹੋਵੇ ਸ਼ਾਮ ਦੇ ਵੇਲੇ ਛਿੜਕਾਓ ਜਾਂ ਪਾਣੀ ਦੇ ਨਾਲ ਹੀ ਪਾਓ।

3. ਫਲ-ਫੁੱਲ ਲਗਦੇ ਸਮੇਂ ਇਕ ਏਕੜ ਜਮੀਨ ਵਿਚ ਇਕ ਟਨ ਗੰਡੋਏ ਦੀ ਖਾਦ, 60 ਕਿਲੋ ਅਨਾਜ ਦੀ ਖਾਦ ਅਤੇ ਟਰਾਇਕੋਡਰਮਾ ਫਫੂੰਦੀ ਰੋਧਕ ਇਕ ਕਿਲੋ,ਨਤ੍ਰ, ਸਫੂਰਦ ਅਤੇ ਪੋਟਾਸ਼ ਦੀ ਉਪਲਭਦੀ ਕਰਾਉਣ ਵਾਲੇ ਜੀਵਾਣੂ ਵਧਾਉਣ ਵਾਲੇ ਪ੍ਰਤੀ ਇਕ ਕਿਲੋ ਮਿਲਾ ਕੇ ਜਦੋਂ ਜਮੀਨ ਗਿੱਲੀ ਹੋਵੇ ਤਾਂ ਜਮੀਨ ਵਿਚ ਪਾਓ।

4. ਨਿੰਮ ਦੀ ਖਲ 50 ਕਿਲੋ ਪ੍ਰਤੀਏਕੜ ਪੌਦੇ ਦੇ ਉਪਰੋਂ ਜਮੀਨ ਤੇ ਛਿੜਕੋ

ਮਿਕਸ ਫਸਲ

1. ਫਸਲ ਦੇ ਚਾਰੋ ਪਾਸੇ ਇਕ ਲਾਈਨ ਮੱਕੀ,ਇਕ ਲਾਈਨ ਚੌਲਾਈ, 15 ਲਾਈਨ ਟਮਾਟਰ ਦੀ ਫਿਰ ਇਕ ਲਾਈਨ ਚੌਲਾਈ ਅਤੇ ਇਕ ਲਾਈਨ ਗੇਂਦੇ ਦੇ ਫੁੱਲ ਦੇ ਪੌਦੇ, ਇਸ ਪ੍ਰਕਾਰ ਮਿਕਸ ਕਰੋ।

2. ਟਮਾਟਰ ਦੀਆਂ 15 ਲਾਈਨਾਂ ਵਿਚ ਵੀ 2% ਮੱਕੀ ਜਰੂਰ ਮਿਕਸ ਕਰੋ, ਇਕ ਹਜ਼ਾਰ ਵਰਗ ਫੁਟ ਵਿਚ ਇਕ ਪੌਦਾ ਤੁਲਸੀ ਦਾ ਜਰੂਰ ਲਾਓ।

ਬੀਜ ਦੀ ਸੋਧ

1. ਬੀਜ ਨੂੰ ਕੱਪੜੇ ਵਿਚ ਬੰਨ ਕੇ ਰਾਤ ਭਰ ਗੋਮੂਤਰ ਵਿਚ ਡੁਬੋ ਕੇ ਰਖੋ। ਫਿਰ ਉਸ ਬੀਜ ਨੂੰ ਸੁਕਾ ਕੇ ਬੀਜ ਅੰਮ੍ਰਿਤ ਨਾਲ ਗਿੱਲਾ ਕਰੋ। ਹਰ 100 ਗ੍ਰਾਮ ਬੀਜ ਵਾਸਤੇ ਉਪਰੋਂ 2 ਗ੍ਰਾਮ ਟਰਾਇਕੋਡਰਮਾ, ਫੇਰ 2 ਗ੍ਰਾਮ ਅੱਝੋਟੋਬੈਕਟਰ ਅਤੇ 2 ਗ੍ਰਾਮ ਪੀ.ਐਸ.ਪੀ ਜੀਵਾਣੂ ਵਧਾਉਣ ਵਾਲੇ ਨਾਲ ਲੇਪ ਕਰੋ ਅਤੇ ਬੀਜ ਜਮੀਨ ਵਿਚ ਬੀਜ ਦਿਓ। ਜਿਥੇ ਬਿਜਾਈ ਕਰਨੀ ਹੈ ਉਸ ਜਮੀਨ ਵਿਚ ਗੋਬਰ ਦੀ ਖਾਦ ਜਾਂ ਗੰਡੋਆ ਖਾਦ ਅਤੇ ਨਿੰਮ ਦਾ ਪੌਡਰ ਜਮੀਨ ਵਿਚ ਜਰੂਰ ਪਾਓ।

2. ਪੌਦੇ ਲਗਾਉਂਦੇ ਸਮੇਂ2 ਲਿਟਰ ਜੀਵ ਅੰਮ੍ਰਿਤ ਵਿਚ 50 ਗ੍ਰਾਮ ਟਰਾਇਕੋਡਰਮਾ, 250 ਗ੍ਰਾਮ ਅੱਝੋਟੋਬੈਕਟਰ ਅਤੇ 250 ਗ੍ਰਾਮ ਪੀ.ਐਸ.ਪੀ.ਜੀਵਾਣੂ ਵਧਾਉਣ ਵਾਲੇ ਮਿਲਾ ਕੇ ਇਸ ਵਿਚ ਪੌਦਿਆਂ ਦੀਆਂ ਜੜ੍ਹਾਂ ਅੱਧੇ ਘੰਟੇ ਤਕ ਡੁਬੋ ਕੇ ਰੱਖੋ, ਫਿਰ ਪੌਦੇ ਲਗਾਓ।

ਫਸਲ ਦੀ ਸੰਭਾਲ

1. ਰਸ ਚੂਸਣ ਵਾਲੀ ਕੀਟ ਅਤੇ ਇੱਲੀਆਂ ਦੀ ਰੋਕ ਥਾਮ ਵਾਸਤੇ 4% ਗੋਮੂਤਰ, 5% ਨਿਮ

ਦਾ ਅਰਕ ਜਾਂ ਦਸ਼ਪਰਣੀ ਅਰਕ ਵਿਚੋਂ ਕੋਈ ਇਕ ਅਦਲੀ ਬਦਲੀ ਕਰਕੇ ਸਪਰੇ ਕਰੋ।(ਇਕ ਵੇਲੇ ਇਕ ਹੀ ਦਵਾਈ ਦਾ ਛਿੜਕਾ ਕਰੋ)

2. ਇੱਕ ਏਕੜ ਖੇਤੀ ਵਿਚ 12-15 ਲਕੜੀਆਂ ਦਾ ਐਨਟੀਨਾ (T ਸ਼ਕਲ ਦੇ) ਬਣਾ ਕੇ ਲਗਾਓ, ਜਿਹਨਾਂ ਉੱਪਰ ਪੰਛੀ ਬੈਠਦੇ ਹਨ ਅਤੇ ਕੀੜਿਆਂ ਤੋਂ ਬਚਾ ਹੁੰਦਾ ਹੈ।

3. ਕੀੜਿਆਂ ਦਾ ਹਮਲਾ ਜ਼ਿਆਦਾ ਦਿਖਾਈ ਦੇਵੇ ਤਾਂ 30 ਗ੍ਰਾਮ ਵਿਹਰਟੀਸੀਲਅਮ ਪੌਡਰ, 50 ਮਿ.ਲਿਟਰ ਦੁੱਧ, 15 ਲਿਟਰ ਪਾਣੀ ਵਿਚ ਮਿਲਾ ਕੇ ਛਿੜਕਾ ਕਰੋ।

4. ਲਿਫ ਮਾਇਨਰ 15 ਲਿਟਰ ਪਾਣੀ, 250 ਮਿ. ਲਿਟਰ ਲੱਸੀ, 10 ਗ੍ਰਾਮ ਹਿੰਗ, 50 ਗ੍ਰਾਮ ਨਿੰਬੂ ਦਾ ਸੱਤ, 100 ਗ੍ਰਾਮ ਗੁੜ, 100 ਮਿ.ਲਿਟਰ ਇਮਲੀ ਦਾ ਜੂਸ, 10 ਗ੍ਰਾਮ ਕਪੂਰ ਮਿਲਾ ਕੇ ਛਿੜਕਾ ਕਰੋ।

5. ਕਰਪਾ (ਪੱਤਿਆਂ ਦਾ ਝੁਲਸਣਾ) :

* ਦੇਸੀ ਕਿੱਕਰ ਦੇ ਨਵੇਂ ਨਵੇਂ ਪੱਤੇ 200 ਗ੍ਰਾਮ, 2 ਲਿਟਰ ਪਾਣੀ ਵਿਚ ਪਾ ਕੇ ਉਦੋਂ ਤੱਕ ਉਬਾਲੋ ਜਦੋਂ ਪਾਣੀ ਇਕ ਲਿਟਰ ਰਹਿ ਜਾਵੇ। ਇਹ ਘੋਲ 200 ਲਿਟਰ ਪਾਣੀ ਵਿਚ ਰਲਾ ਕੇ ਛਿੜਕਾ ਕਰੋ।

ਜਾਂ

* 200 ਗ੍ਰਾਮ ਵਾਵੜਿੰਗ ਕੁੱਟ ਕੇ, 2 ਲਿਟਰ ਪਾਣੀ ਵਿਚ ਪਾ ਕੇ ਉਦੋਂ ਤੱਕ ਉਬਾਲੋ ਜਦੋਂ ਪਾਣੀ ਇਕ ਲਿਟਰ ਰਹਿ ਜਾਵੇ।5 ਲਿਟਰ ਦੁੱਧ ਉਬਾਲ ਕੇ ਮਲਾਈ ਉਤਾਰ ਲਵੋ।ਇਹ ਦੋਨੋਂ 200ਲਿਟਰ ਪਾਣੀ ਵਿਚ ਪਾ ਕੇ ਛਿੜਕਾ ਕਰੋ।

ਜਾਂ

* ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਜਿਸ ਦਿਸ਼ਾ ਵੱਲੋਂ ਹਵਾ ਆਉਂਦੀ ਹੈ ਉਸ ਦਿਸ਼ਾ ਵਿਚ ਦੇਸੀ ਗਾਂ ਦੇ ਗੋਬਰ ਦੀ ਪਾਥੀਆਂ ਜਲਾ ਕੇ ਧੂੰਆਂ ਕਰੋ ਅਤੇ ਇਸ ਰਾਖ ਨੂੰ ਫਸਲ ਉੱਪਰ ਛਿੜਕੋ।

(17) ਕਕੜੀ,ਕਰੇਲਾ,ਤੁਰਈ ਅਤੇ ਕੱਦੂ ਦੀ ਫਸਲ :

ਜਮੀਨ ਨੂੰ ਸ਼ਕਤੀਸ਼ਾਲੀ ਬਨਾਉਣ ਵਾਸਤੇ :

1. ਪ੍ਰਤੀ ਏਕੜ 6 ਟਨ ਗੋਬਰ ਦੀ ਖਾਦ ਜਾਂ ਹਰੀ ਖਾਦ ਜਮੀਨ ਵਿਚ ਮਿਲਾ ਕੇ ਪੌਦੇ ਲਗਾਉਣ ਵਾਸਤੇ ਜਮੀਨ ਤਿਆਰ ਕਰੋ

2. ਬਿਜਾਈ ਕਰਦੇ ਸਮੇਂ ਅਤੇ ਬਾਅਦ ਵਿਚ ਹਰ 20 ਦਿਨਾਂ ਦੇ ਵਕਫੇ ਤੇ 200 ਲਿਟਰ ਜੀਵ ਅੰਮ੍ਰਿਤ ਇਕ ਏਕੜ ਜ਼ਮੀਨ ਵਿਚ ਜਦੋਂ ਜ਼ਮੀਨ ਗਿੱਲੀ ਹੋਵੇ ਤਾਂ ਛਿੜਕਾ ਕਰੋ ਜਾਂ ਪਾਣੀ ਦੇ ਨਾਲ ਲਾਵੋ।

3. ਫਲ-ਫੁਲ ਲਗਣ ਦੇ ਸਮੇਂ ਇਕ ਏਕੜ ਜ਼ਮੀਨ ਵਿਚ ਇਕ ਟਨ ਗੰਡੋਆ ਖਾਦ,60 ਕਿਲੋ ਅਨਾਜ ਦੀ ਖਾਦ ਅਤੇ ਇਕ ਕਿਲੋ ਟਰਾਇਕੋਡਰਮਾ ਫਫੂੰਦੀ ਰੋਧਕ ਅਤੇ ਇਕ ਕਿਲੋ ਨਤ੍ਰ, ਸਫੁਰਦ ਅਤੇ ਪੋਟਾਸ਼ ਉਪਲਭਧ ਕਰਵਾਉਣ ਵਾਲੇ ਜੀਵਾਣੂ ਵਧਾਉਣ ਵਾਲੇ ਮਿਲਾ ਕੇ ਜ਼ਮੀਨ ਵਿਚ ਪਾਓ।

ਮਿਕਸ ਫਸਲ

1. ਫਸਲ ਦੇ ਚਾਰੋ ਪਾਸੇ ਇਕ ਲਾਈਨ ਮੱਕੀ,ਇਕ ਲਾਈਨ ਚੌਲਾਈ,5% ਮੱਕੀ ਮਿਕਸ ਕਰਨਾ ਜਰੂਰੀ ਹੈ।

2. ਪ੍ਰਤੀ ਇਕ ਹਜ਼ਾਰ ਵਰਗ ਫੁੱਟ ਜ਼ਮੀਨ ਵਿਚ ਇਕ ਤੁਲਸੀ ਦਾ ਅਤੇ ਇਕ ਗੇਂਦੇ ਦੇ ਫੁੱਲ ਦਾ ਪੌਦਾ ਲਗਾਉਣਾ ਵੀ ਜਰੂਰੀ ਹੈ।

ਬੀਜ ਸੋਧ

100 ਗ੍ਰਾਮ ਬੀਜ ਨੂੰ ਬੀਜ ਅੰਮ੍ਰਿਤ ਨਾਲ ਗਿੱਲਾ ਕਰਕੇ, ਪਹਿਲਾ 2 ਗ੍ਰਾਮ ਟਰਾਇਕੋਡਰਮਾ,ਫਿਰ 5 ਗ੍ਰਾਮ ਅੱਝੋਟੋਬੈਕਟਰ ਅਤੇ 5 ਗ੍ਰਾਮ ਪੀ.ਐਸ.ਬੀ. ਜੀਵਾਣੂ ਵਧਾਉਣ ਵਾਲੇ ਦੀ ਲੇਪ ਕਰੋ। ਬੀਜ ਨੂੰ ਛਾਂ ਵਿਚ ਸੁੱਕਾ ਕੇ,8-10 ਘੰਟੇ ਦੇ ਅੰਦਰ ਗਿੱਲੀ ਜਮੀਨ ਵਿਚ ਬਿਜਾਈ ਕਰੋ।

ਫਸਲ ਦੀ ਸੰਭਾਲ :

1. ਰਸ ਚੂਸਣ ਵਾਲੇ ਕੀਟ ਅਤੇ ਇੱਲੀਆਂ ਦੀ ਰੋਕਥਾਮ ਵਾਸਤੇ ਸ਼ੁਰੂ ਤੋਂ ਹੀ ਪਹਿਲੇ ਹਫਤੇ ਵਿਚ ਇਕ ਬਾਰ 4% ਗੋਮੂਤਰ, ਦੂਜੇ ਹਫਤੇ 5% ਨਿੰਮ ਦਾ ਅਰਕ, ਤੀਜੇ ਹਫਤੇ ਦਸ਼ਪਰਣੀ ਅਰਕ, ਇਸ ਤਰ੍ਹਾਂ ਅਦਲੀ-ਬਦਲੀ ਕਰ ਕੇ ਛਿੜਕੋ।

2. ਕੀੜਿਆਂ ਦਾ ਅਸਰ ਜ਼ਿਆਦਾ ਦਿਖਾਈ ਦੇਵੇ ਤਾਂ 30 ਗ੍ਰਾਮ ਵਿਹਰਟੀਸੀਲਅਮ ਪੋਡਰ, 50 ਮਿ.ਲਿਟਰ ਦੁੱਧ, 15 ਲਿਟਰ ਪਾਣੀ ਵਿਚ ਮਿਲਾ ਕੇ ਛਿੜਕੋ।

3. ਲਿਫਮਾਇਨਰ ਵਾਸਤੇ 15 ਲਿਟਰ ਪਾਣੀ, 250 ਮਿ.ਲਿਟਰ ਲੱਸੀ,10ਗ੍ਰਾਮ ਹਿੰਗ, 50 ਗ੍ਰਾਮ ਨਿੰਬੂ ਦਾ ਸੱਤ, 100 ਗ੍ਰਾਮ ਗੁੜ, 100 ਮਿ.ਲਿਟਰ ਇਮਲੀ ਦਾ ਜੂਸ, 10 ਗ੍ਰਾਮ ਕਪੂਰ ਮਿਲਾ ਕੇ ਛਿੜਕਾ ਕਰੋ।

4. ਕਰਪਾ (ਪੱਤਿਆਂ ਦਾ ਝੁਲਸਣਾ) :

* ਦੇਸੀ ਕਿੱਕਰ ਦੇ ਨਵੇਂ ਨਵੇਂ ਪੱਤੇ 200 ਗ੍ਰਾਮ, 2 ਲਿਟਰ ਪਾਣੀ ਵਿਚ ਪਾ ਕੇ ਉਦੋਂ ਤੱਕ ਉਬਾਲੋ ਜਦੋਂ ਪਾਣੀ ਇਕ ਲਿਟਰ ਰਹਿ ਜਾਵੇ। ਇਹ ਘੋਲ 200 ਲਿਟਰ ਪਾਣੀ ਵਿਚ ਰਲਾ ਕੇ ਛਿੜਕਾ ਕਰੋ।

ਜਾਂ

* 200 ਗ੍ਰਾਮ ਵਾਵੜਿੰਗ ਕੁੱਟ ਕੇ, 2 ਲਿਟਰ ਪਾਣੀ ਵਿਚ ਪਾ ਕੇ ਉਦੋਂ ਤੱਕ ਉਬਾਲੋ ਜਦੋਂ ਪਾਣੀ ਇਕ ਲਿਟਰ ਰਹਿ ਜਾਵੇ। 5 ਲਿਟਰ ਦੁੱਧ ਉਬਾਲ ਕੇ ਮਲਾਈ ਉਤਾਰ ਲਵੋ। ਇਹ ਦੋਨੋਂ 200 ਲਿਟਰ ਪਾਣੀ ਵਿਚ ਪਾ ਕੇ ਛਿੜਕਾ ਕਰੋ।

ਜਾਂ

* ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਜਿਸ ਦਿਸ਼ਾ ਵੱਲੋਂ ਹਵਾ ਆਉਂਦੀ ਹੈ ਉਸ ਦਿਸ਼ਾ ਵਿਚ ਦੇਸੀ ਗਾਂ ਦੇ ਗੋਬਰ ਦੀ ਪਾਥੀਆਂ ਜਲਾ ਕੇ ਧੂੰਆਂ ਕਰੋ ਅਤੇ ਇਸ ਸੁਆਹ ਨੂੰ ਫਸਲ ਉੱਪਰ ਛਿੜਕੋ।

(18) ਕੇਲੇ ਦੀ ਫਸਲ :

ਜਮੀਨ ਨੂੰ ਸ਼ਕਤੀਸ਼ਾਲੀ ਬਨਾਉਣ ਲਈ :

1. ਪ੍ਰਤੀ ਏਕੜ 10 ਟਨ ਗੋਬਰ ਦੀ ਖਾਦ ਜਮੀਨ ਵਿਚ ਮਿਲਾਕੇ ਜਮੀਨ ਬਿਜਾਈ ਵਾਸਤੇ ਤਿਆਰ ਕਰੋ।
2. ਪੌਦੇ ਲਗਾਉਣ ਤੋਂ ਬਾਅਦ ਵਿਚਕਾਰ ਹਰੀ ਖਾਦ ਜਮੀਨ ਤੇ ਵਿਛਾ ਦੇਵੋ ਜਾਂ ਜ਼ਮੀਨ ਵਿਚ ਮਿਲਾ ਦੇਵੋ।
3. ਪੌਦੇ ਲਗਾਉਣ ਤੋਂ ਇਕ ਮਹੀਨਾ ਬਾਅਦ ਪੌਦਿਆਂ ਦੇ ਪਾਸੇ ਪਾਸੇ ਇਕ ਟਨ ਗੰਡੋਆ ਖਾਦ ਅਤੇ 60 ਕਿਲੋ ਅਨਾਜ ਦੀ ਖਾਦ ਜਦੋਂ ਜਮੀਨ ਗਿੱਲੀ ਹੋਵੇ ਤਾਂ ਜਮੀਨ ਵਿਚ ਮਿਲਾਓ।
4. ਮਹੀਨੇ ਵਿਚ ਇਕ ਬਾਰ 200 ਲਿਟਰ ਜੀਵ ਅੰਮ੍ਰਿਤ ਇਕ ਏਕੜ ਜ਼ਮੀਨ ਵਿਚ ਸ਼ਾਮ ਦੇ ਸਮੇਂ ਉਦੋਂ ਛਿੜਕੋ ਜਦੋਂ ਜਮੀਨ ਗਿੱਲੀ ਹੋਵੇ ਜਾਂ ਫੇਰ ਪਾਣੀ ਦੇ ਨਾਲ ਲਾਵੋ।

ਮਿਕਸ ਫਸਲ

1. ਫਸਲ ਦੇ ਚਾਰੋ ਪਾਸੇ ਸ਼ੇਵਰੀ ਜਿਹੇ ਰੁੱਖ ਦੀ ਦੀਵਾਰ ਬਣਾਓ।
2. ਵਿਚਕਾਰ 5% ਸਹਜਨ ਦੇ ਪੌਦੇ ਮਿਕਸ ਕਰੋ।

ਬੀਜ ਦੀ ਸੋਧ

ਪੌਦੇ ਲਗਾਉਣ ਵਾਸਤੇ ਪਹਿਲਾਂ ਟੋਇਆ ਪੁੱਟੋ। ਫੇਰ 200 ਲਿਟਰ ਬੀਜ-ਅੰਮ੍ਰਿਤ ਵਿਚ ਇਕ ਕਿਲੋ ਟਰਾਇਕੋਡਰਮਾ ਫਫੂੰਦੀ ਰੋਧਕ, 2 ਕਿਲੋ ਅੱਝੋਟੋਬੈਕਟਰ ਅਤੇ 2 ਕਿਲੋ ਪੀ.ਐਸ.ਬੀ. ਜੀਵਾਣੂ ਵਧਾਉਣ ਵਾਲੇ ਮਿਲਾ ਕੇ ਪੌਦਿਆਂ ਦੀਆਂ ਜੜ੍ਹਾਂ ਨੂੰ ਇਸ ਘੋਲ ਵਿਚ ਡੁਬੋ ਕੇ ਪੌਦੇ ਲਾਵੋ, ਜਾਂ 250 ਮਿ.ਲਿਟਰ ਇਹ ਘੋਲ ਟੋਏ ਵਿਚ ਪਾ ਕੇ ਪੌਦਾ ਲਗਾ ਸਕਦੇ ਹੋ।

ਫਸਲ ਦੀ ਸੰਭਾਲ

1. ਕਰਪਾ (ਪੱਤਿਆਂ ਦਾ ਝੁਲਸਣਾ) : ਇਸ ਦੇ ਲਈ ਦੇਸੀ ਕਿੱਕਰ ਦੇ ਨਵੇਂ ਨਵੇਂ ਕੋਮਲ ਪੱਤੇ

200 ਗ੍ਰਾਮ, 2 ਲਿਟਰ ਪਾਣੀ ਵਿਚ ਪਾ ਕੇ ਉਦੋਂ ਤੱਕ ਉਬਾਲੋ ਜਦੋਂ ਪਾਣੀ ਇਕ ਲਿਟਰ ਰਹਿ ਜਾਵੇ। ਇਹ ਘੋਲ 200 ਲਿਟਰ ਪਾਣੀ ਵਿਚ ਮਿਲਾ ਕੇ ਛਿੜਕੋ ।

2. ਪੰਜ ਲਿਟਰ ਦੁੱਧ ਉਬਾਲ ਕੇ ਠੰਡਾ ਕਰੋ ਅਤੇ ਮਲਾਈ ਉਤਾਰ ਲਵੋ। 200 ਗ੍ਰਾਮ ਵਾਵਡਿੰਗ ਕੁੱਟ ਕੇ, 2 ਲਿਟਰ ਪਾਣੀ ਵਿਚ ਉਦੋਂ ਤੱਕ ਉਬਾਲੋ ਜਦੋਂ ਪਾਣੀ ਇਕ ਲਿਟਰ ਰਹਿ ਜਾਵੇ। ਇਹ ਦੋਨੋਂ ਘੋਲ 200 ਲਿਟਰ ਪਾਣੀ ਵਿਚ ਮਿਲਾ ਕੇ ਛਿੜਕਾ ਕਰੋ।

3. ਸਵੇਰੇ ਸੂਰਜ ਚੜ੍ਹਨੇ ਤੋਂ ਪਹਿਲਾਂ ਜਿਸ ਦਿਸ਼ਾ ਵਲੋਂ ਹਵਾ ਆ ਰਹੀ ਹੋਵੇ ਉਸ ਦਿਸ਼ਾ ਵੱਲ ਦੇਸੀ ਗਾਂ ਦੇ ਗੋਬਰ ਦੀਆਂ ਪਾਥੀਆਂ ਜਲਾਕੇ ਧੂੰਆਂ ਕਰੋ ਅਤੇ ਇਸ ਰਾਖ ਨੂੰ ਫਸਲ ਉੱਤੇ ਛਿੜਕੋ।

ਯੋਗਿਕ ਖੇਤੀ ਦੁਆਰਾ ਭਿੰਨ-ਭਿੰਨ ਫਸਲਾਂ ਦੀ ਪੈਦਾਵਾਰ ਦੇ ਅੰਕੜੇ

ਨਾਗੇਸ਼ ਬਿੱਠਲ ਕੁਲਕਰਣੀ, ਮੁ.ਪੋ.ਸਖਰਾਠੇ
ਤਾ. ਬਾਲਵਾ, ਜ਼ਿ. ਸਾਂਗਲੀ
ਖੇਤਰਫਲ : 1.5 ਏਕੜ ਸੋਇਆਬੀਨ
ਉਤਪਾਦਨ: 23 ਕੁਇੰਟਲ, ਖਰਚਾ: 2500 ਰੁਪੈ

ਪਾਡੂਰਮ ਸੁਦਾਮ ਪਾਟਿਲ ਮੁ.ਪੋ. ਜੂਨੇ ਖੇਡ
ਤਾ. ਬਾਲਵਾ, ਜ਼ਿ. ਸਾਂਗਲੀ
ਖੇਤਰਫਲ: 22000 ਵਰਗਫੁਟ, ਸ਼ਕਰਕੰਦੀ
ਉਤਪਾਦਨ: 7 ਮੀਟ੍ਰਕ ਟਨ, ਖਰਚਾ:5000ਰੁਪੈ

ਭੋਲਾਨਾਥ ਸ਼ਿਵਲਿੰਗਾ ਚੌਗੁਲੇ, ਮੁ.ਪੋ. ਟਾਕਵਡੇ
ਤਾ. ਸ਼ਿਰੋਠ, ਜ਼ਿ. ਕੋਹਲਾਪੁਰ
ਖੇਤਰਫਲ: ਇਕ ਏਕੜ ਗੰਨਾ
ਉਤਪਾਦਨ:60 ਮੀਟ੍ਰਕ ਟਨ ਖਰਚਾ:8100ਰੁਪੈ

ਸਚਿਨ ਦਾਦਾਸੋ ਗੋਧੜੇ, ਮੁ.ਪੋ.ਟਾਕਵਡੇ,
ਤਾ. ਸ਼ਿਰੋਠ, ਜ਼ਿ. ਕੋਹਲਾਪੁਰ
ਖੇਤਰਫਲ: ਇਕ ਏਕੜ ਗੰਨਾ
ਉਤਪਾਦਨ:50 ਮੀਟ੍ਰਕ ਟਨ ਖਰਚਾ:8000ਰੁਪੈ

ਜਿੰਨੀ ਸ਼ਕਤੀਸ਼ਾਲੀ ਫਸਲ ਹੋਵੇਗੀ, ਉੱਨੀ ਸ਼ਕਤੀਸ਼ਾਲੀ ਨਸਲ ਹੋਵੇਗੀ

ਬੀਜ ਧਰਤੀ ਨਾਲ ਕਰੋ ਪਿਆਰ ਵਧੀਆ ਫਸਲ ਹੋਵੇਗੀ ਤਿਆਰ

ਸੱਚਾਯੋਗੀ ਹੁੰਦਾ ਕਿਸਾਨ, ਯੋਗਿਕ ਖੇਤੀ ਉਸ ਦੀ ਸ਼ਾਨ

ਯੋਗਿਕ ਖੇਤੀ, ਧਰਤੀ ਮਾਂ ਦੀ ਭਗਤੀ, ਜੋ ਭਰਦੀ ਹੈ ਤਨ ਮਨ ਵਿਚ ਸ਼ਕਤੀ

ਅਸੀਂ ਸੰਪਨਤਾ ਨੂੰ ਲਿਆਵਾਂਗੇ,ਯੋਗਿਕ ਫਸਲ ਉਗਾਵਾਂਗੇ,

ਯੋਗਿਕ ਖੇਤੀ ਅਪਣਾਓ, ਵਾਤਾਵਰਣ ਨੂੰ ਸ਼ੁੱਧ ਬਣਾਓ

ਸੁਨਿਹਰੀ ਯੁਗ ਲਿਆਵਾਂਗੇ, ਯੋਗਿਕ ਖੇਤੀ ਨੂੰ ਅਪਣਾਵਾਂਗੇ

ਯੋਗਿਕ ਖੇਤੀ ਵਿਚ ਹੈ ਅਧਿਆਤਮਕ ਸੱਤਾ, ਜੋ ਵਧਾਵੇ ਫਸਲ ਦੀ ਗੁਣਵਤਾ

ਮਨ ਵਾਣੀ ਸਾਤਵਿਕ ਹੋਵੇ ਕਰਮ, ਯੋਗਿਕ ਖੇਤੀ ਦਾ ਇਹੋ ਹੈ ਮਰਮ

ਯੋਗਿਕ ਖੇਤੀ ਨਾਲ ਉਤਪੰਨ ਅੰਨ,ਨਿਰੋਗ ਕਰਦਾ ਤਨ ਤੇ ਮਨ

ਯੋਗਿਕ ਖੇਤੀ ਹੋਵੇ ਹਰ ਔਰ, ਹੁਣ ਆਇਆ ਪਰਿਵਰਤਨ ਦਾ ਦੌਰ

ਧਰਤੀ ਮਾਂ ਕਰਦੀ ਸਭ ਨੂੰ ਪੁਕਾਰ, ਯੋਗਿਕ ਖੇਤੀ ਨਾਲ ਅੰਨ ਕਰੋ ਤਿਆਰ

ਜੈਵਿਕਤਾ ਦਾ ਕਰੋ ਵਿਕਾਸ, ਸ਼ੁਧ ਸੰਕਲਪਾਂ ਦਾ ਦੇ ਕੇ ਸਾਕਾਸ਼

ਸ਼ਿਵ ਦਾ ਝੰਡਾ ਖੇਤਾਂ ਵਿਚ ਲਹਿਰਾਓ, ਖੇਤਾਂ ਦੀ ਸ਼ਾਨ ਵਧਾਓ।

ਸ੍ਰਿਸ਼ਟੀ ਦੀ ਸੁਰੱਖਿਆ ਕਰਨਾ ਹੈ ਮਨੁੱਖੀ ਧਰਮ, ਜੈਵਿਕ ਅਤੇ ਯੋਗਿਕ ਖੇਤੀ ਹੈ ਉਸਦਾ ਕਰਮ

ਸ਼ੁੱਧਤਾ ਦੀ ਸ਼ਕਤੀ ਖੇਤੀ ਵਿਚ ਭਰਾਂਗੇ, ਜੈਵਿਕ ਅਤੇ ਯੋਗਿਕ ਖੇਤੀ ਕਰਾਂਗੇ

ਪੌਸ਼ਟਿਕ ਅਤੇ ਸਾਤਵਿਕ ਅੰਨ, ਸੁਅਸਥ ਅਤੇ ਸ਼ਕਤੀਸ਼ਾਲੀ ਮਨ

ਖੇਤੀ ਵਿਚ ਯੋਗ ਦਾ ਹੋਵੇ ਪ੍ਰਯੋਗ, ਵਧੀਆ ਅੰਨ, ਮਨੁਖ ਹੋਵੇ ਨਿਰੋਗ

ਜੋ ਬੀਜੇਗਾ ਉਹੀ ਪਾਏਗਾ, ਯੋਗਿਕ ਖੇਤੀ ਤੋਂ ਸਾਤਵਿਕ ਅੰਨ ਆਏਗਾ

ਸਾਦਾ ਜੀਵਨ ਉੱਚ ਵਿਚਾਰ, ਯੋਗਿਕ ਖੇਤੀ ਖਰਾ ਵਪਾਰ

ਅੰਧ ਵਿਸ਼ਵਾਸਾਂ ਤੋਂ ਸਦਾ ਬਚਕੇ ਰਹਿਣਾ, ਕਰੋ ਯੋਗਿਕ ਖੇਤੀ ਭਾਈ ਭੈਣਾਂ

ਪਹਿਲਾ ਸੁਖ ਨਿਰੋਗੀ ਕਾਇਆ, ਯੋਗਿਕ ਖੇਤੀ ਕਰਨਾ ਸਭ ਨੂੰ ਭਾਇਆ

ਕਰੋ ਕਰਾਓ ਯੋਗਿਕ ਖੇਤੀ, ਜੋ ਸਭ ਨੂੰ ਸੁੱਖ ਦੇਤੀ

ਯੋਗਿਕ ਖੇਤੀ ਨੂੰ ਅਪਨਾਣਾ ਹੈ, ਭਾਰਤ ਨੂੰ ਹੁਣ ਸਵਰਗ ਬਨਾਣਾ ਹੈ

ਯਤਨ ਕਰਾਂਗੇ, ਮਿਹਨਤ ਕਰਾਂਗੇ, ਯੋਗਿਕ ਖੇਤੀ ਦਾ ਪ੍ਰਮਾਰਥ ਕਰਾਂਗੇ

ਖੇਤੀ ਵਿਚ ਹੁਣ ਕੀ ਨਵੀਂ ਬਾਤ? ਯੋਗਿਕ ਖੇਤੀ ਦੀ ਨਵੀਂ ਸੁਗਾਤ

ਏਕਤਾ ਸੱਦਭਾਵ ਦੀ ਲਹਿਰ ਜਗਾਓ, ਯੋਗਿਕ ਖੇਤੀ ਨਾਲ ਫਸਲ ਉਗਾਓ

ਨਸ਼ਿਆਂ ਤੋਂ ਹੁਣ ਰਿਸ਼ਤਾ ਤੋੜ ਦਿੱਤਾ, ਰਸਾਇਣਕ ਖੇਤੀ ਕਰਨਾ ਛੋੜ ਦਿੱਤਾ

ਸਾਡੀ ਧਰਤੀ ਸਾਡੀ ਮਾਤਾ, ਜੈਵਿਕ ਤਰੀਕਾ ਇਸ ਨੂੰ ਸੁਹਾਤਾ

ਜੈਵਿਕ ਖੇਤੀ ਵਿਚ ਯੋਗ ਦਾ ਪ੍ਰਯੋਗ, ਮਿਲੇ ਸੁੱਖ, ਸ਼ਾਂਤੀ ਔਰ ਸਹਿਯੋਗ

ਯੋਗਿਕ ਖੇਤੀ ਨਾਲ ਸੁਅਸਥ ਤਨ ਮਨ ਹੋਗਾ, ਭਾਰਤ ਦਾ ਹਰ ਪਿੰਡ ਨੰਦਨਬਨ ਹੋਗਾ

ਗਾਉਂ ਹੋਂਗੇ ਦੇਵ ਸਥਾਨ, ਮਾਨਵ ਹੋਂਗੇ ਨੇਕ,ਯੋਗਿਕ ਖੇਤੀ ਅਪਨਾਏਗੇ ਹੋਕਰ ਹਮ ਏਕ

ਕਿਸਾਨ ਜਦ ਜੈਵਿਕ ਖੇਤੀ ਲਈ ਤਿਆਰ ਹੋਵੇਗਾ, ਭਾਰਤ ਦੇ ਹਰ ਪਿੰਡ ਦਾ ਉਦੋਂ ਉੱਧਾਰ ਹੋਵੇਗਾ

ਯੋਗਿਕ ਖੇਤੀ ਦਾ ਫਾਇਦਾ ਜਾਣ ਲਿਆ, ਅਸੀਂ ਯੋਗਿਕ ਖੇਤੀ ਕਰਨਾ ਠਾਨ ਲਿਆ

ਯੋਗਿਕ ਖੇਤੀ ਦਾ ਸਾਥ ਹੋਇਆ, ਭਗਵਾਨ ਦੇ ਹੱਥ ਵਿਚ ਹੱਥ ਹੋਇਆ

ਸ਼ਿਵ ਦਾ ਝੰਡਾ ਹਰ ਖੇਤ ਵਿਚ ਲਹਿਰਾਇਆ ਹੈ, ਯੋਗਿਕ ਖੇਤੀ ਦਾ ਜ਼ਮਾਨਾ ਆਇਆ ਹੈ

ਯੋਗਿਕ ਖੇਤੀ ਦਾ ਨਵਾਂ ਰਾਸਤਾ, ਰਸਾਇਣਕ ਖੇਤੀ ਨਾਲ ਨਹੀਂ ਵਾਸਤਾ

ਮੇਰੇ ਵਿਹੜੇ ਵਿਚ ਨੱਚਣ ਮੋਰ, ਲਓ ਆਇਆ ਯੋਗਿਕ ਖੇਤੀ ਦਾ ਦੌਰ

ਅਸੀਂ ਧਰਤੀ ਮਾਂ ਦੀ ਰੱਖਿਆ ਕਰਾਂਗੇ, ਯੋਗਿਕ ਖੇਤੀ ਨਾਲ ਸੁਰੱਖਿਆ ਕਰਾਂਗੇ

ਜੈਵਿਕ ਖੇਤੀ ਵਿਚ ਯੋਗ ਦੀ ਕ੍ਰਾਂਤੀ, ਲਿਆਏਗੀ ਜੀਵਨ ਵਿਚ ਸੁੱਖ ਸ਼ਾਂਤੀ

ਯੋਗਿਕ ਖੇਤੀ ਸਾਡਾ ਵਿਸ਼ਵਾਸ, ਮਨੁੱਖ ਦਾ ਹੋਵੇਗਾ ਪੂਰਾ ਵਿਕਾਸ

ਖੁਸ਼ੀ ਨਾਲ ਝੂਮੇਗਾ ਹੁਣ ਹਰ ਹਾਲੀ, ਯੋਗਿਕ ਖੇਤੀ ਨਾਲ ਹੋਵੇਗੀ ਹਰਿਆਲੀ

ਸੂਰਜ ਦੇਵੇਗਾ ਫਸਲ ਨੂੰ ਪ੍ਰਕਾਸ਼, ਮਨੁੱਖ ਦੇਵੇਗਾ ਸਕਾਰਾਤਮਿਕ ਸਾਕਾਸ਼

ਸ਼ੁੱਧ ਖੇਤੀ ਨਾਲ ਚਿਹਰੇ ਉਜਲੇ, ਧਰਤੀ ਸਾਡੀ ਸੋਨਾ ਉਗਲੇ

ਇਸ ਗੱਲ ਨੂੰ ਸਮਝਣਾ ਜਰਾ, ਜੈਵਿਕ ਖੇਤੀ ਨਾਲ ਸਜੀਵ ਹੋਵੇ ਧਰਾ

ਓਮ ਸ਼ਾਂਤੀ